# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 82 | 02/08/2025 | www.samajweekly.com | samajweekly | @samajweekly | samajweekly


# ਹੁਣ ਅਮਰੀਕਾ ਤੋਂ ਬਾਅਦ ਬਰਤਾਨੀਆ ਨੇ ਦਿੱਤਾ ਭਾਰਤ ਨੂੰ ਵੱਡਾ ਝਟਕਾ, ਭਾਰਤ ਨੂੰ 12 ਦਮਨਕਾਰੀ ਦੇਸ਼ਾਂ ਦੀ ਸੂਚੀ ਚ ਕੀਤਾ ਸ਼ਾਮਿਲ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**- ਬਰਤਾਨੀਆ ਦੀ ਸੰਸਦੀ ਕਮੇਟੀ ਵੱਲੋਂ ਹਾਲ ਹੀ ਵਿਚ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ,ਜਿਸ ਵਿੱਚ ਬਰਤਾਨੀਆ ਨੇ ਭਾਰਤ ਨੂੰ ਉਨ੍ਹਾਂ12 ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ ,ਜਿਨ੍ਹਾਂ 'ਤੇ ਬਰਤਾਨੀਆ ਵਿੱਚ ਰਹਿਣ ਵਾਲੇ ਲੋਕਾਂ ਨੂੰ ਡਰਾਉਣ ਜਾਂ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦਾ ਦੋਸ਼ ਹੈ।ਮੀਡੀਆ ਰਿਪੋਰਟਾਂ ਅਨੁਸਾਰ ਇਸ ਰਿਪੋਰਟ ਦਾ ਨਾਮ 'ਠਰਓਨਸਨਓਟਿੋਨਓਲ ੲਪਰੲਸਸਿੋਨਿ ਨ ਟਹੲ ੂਖ' ਮਤਲਬ ਯੂ.ਕੇ ਵਿਚ ਸੀਮਾ ਪਾਰ ਦਮਨ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਕੁਝ ਵਿਦੇਸ਼ੀ ਸਰਕਾਰਾਂ ਧਮਕੀਆਂ, ਨਿਗਰਾਨੀ ਜਾਂ ਦਬਾਅ ਦੀ ਵਰਤੋਂ ਕਰਕੇ ਯੂ.ਕੇ ਵਿੱਚ ਰਹਿਣ ਵਾਲੇ ਆਲੋਚਕਾਂ, ਕਾਰਕੁਨਾਂ ਜਾਂ ਅਸੰਤੁਸ਼ਟ ਲੋਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਇਸ ਰਿਪੋਰਟ ਅਨੁਸਾਰ ਭਾਰਤ ਸਮੇਤ 12 ਦੇਸ਼ ਦਮਨਕਾਰੀ ਲਿਸਟ 'ਚ ਹਨ, ਜਿਨਾਂ ਚ ਭਾਰਤ ਤੋਂ ਇਲਾਵਾ ਇਸ ਸੂਚੀ ਵਿੱਚ ਬਹਿਰੀਨ, ਚੀਨ, ਮਿਸਰ, ਏਰੀਟ੍ਰੀਆ, ਈਰਾਨ, ਪਾਕਿਸਤਾਨ, ਰੂਸ, ਰਵਾਂਡਾ, ਸਾਊਦੀ ਅਰਬ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ) ਵਰਗੇ ਦੇਸ਼ ਵੀ ਸ਼ਾਮਲ ਹਨ। ਕਮੇਟੀ ਦਾ ਕਹਿਣਾ ਹੈ ਕਿ ਅਜਿਹੀਆਂ ਕਾਰਵਾਈਆਂ ਮਨੁੱਖੀ ਅਧਿਕਾਰਾਂ ਲਈ ਖ਼ਤਰਾ ਹਨ ਅਤੇ ਬਰਤਾਨੀਆ ਸਰਕਾਰ ਨੂੰ ਇਸਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।



ਭਾਰਤ ਨੇ ਅਜੇ ਤੱਕ ਇਸ ਰਿਪੋਰਟ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਤੋਂ ਬਾਅਦ ਹੁਣ ਬਰਤਾਨੀਆ ਵੱਲੋਂ ਵੀ ਭਾਰਤ ਨੂੰ ਦਿੱਤਾ ਗਿਆ ਇਹ ਵੱਡਾ ਝਟਕਾ ਸਮਝਿਆ ਜਾ ਰਿਹਾ ਹੈ । ਇਸ ਰਿਪੋਰਟ ਵਿੱਚ ਭਾਰਤ ਦੇ ਸੰਦਰਭ ਵਿੱਚ ਖਾਲਿਸਤਾਨੀ ਸੰਗਠਨ 'ਸਿੱਖਸ ਫਾਰ ਜਸਟਿਸ' (ਐਸਐਫਜੇ) ਦਾ ਨਾਮ ਲਿਆ ਗਿਆ ਹੈ। ਇਹ ਸੰਗਠਨ ਭਾਰਤ ਵਿੱਚ ਪਾਬੰਦੀਸ਼ੁਦਾ ਹੈ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ) ਤਹਿਤ ਇਸਨੂੰ 'ਗੈਰ-ਕਾਨੂੰਨੀ' ਘੋਸ਼ਿਤ ਕੀਤਾ ਗਿਆ ਹੈ। ਰਿਪੋਰਟ ਵਿੱਚ ਇਸ ਸੰਗਠਨ ਨਾਲ ਸਬੰਧਤ ਕੁਝ ਸਬੂਤਾਂ ਦਾ ਹਵਾਲਾ ਦਿੰਦੇ ਹੋਏ ਸਰਹੱਦ ਪਾਰ ਦਮਨ ਦੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ।ਇਹ ਰਿਪੋਰਟ ਮਨੁੱਖੀ ਅਧਿਕਾਰਾਂ ਦੀ ਸਾਂਝੀ ਕਮੇਟੀ (ਜੇ.ਸੀ.ਐਚ.ਆਰ) ਦੁਆਰਾ ਜਾਰੀ ਕੀਤੀ ਗਈ ਹੈ, ਜਿਸ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸੰਸਦ ਮੈਂਬਰ ਸ਼ਾਮਲ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਬਹੁਤ ਸਾਰੀਆਂ ਵਿਦੇਸ਼ੀ ਸਰਕਾਰਾਂ ਧਮਕੀਆਂ ਅਤੇ ਡਰਾਵੇ ਰਾਹੀਂ ਯੂ.ਕੇ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਆਵਾਜ਼ਾਂ ਨੂੰ ਦਬਾ ਰਹੀਆਂ ਹਨ। ਇਸ ਨਾਲ ਉੱਥੇ ਰਹਿਣ ਵਾਲੇ ਕੁਝ ਭਾਈਚਾਰਿਆਂ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ, ਜਿਸ ਨਾਲ ਉਨ੍ਹਾਂ ਦੀ ਬੋਲਣ ਅਤੇ ਆਵਾਜਾਈ ਦੀ ਆਜ਼ਾਦੀ ਪ੍ਰਭਾਵਿਤ ਹੋ ਰਹੀ ਹੈ। ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਰਿਪੋਰਟ ਵਿੱਚ ਯੂ.ਕੇ ਸੁਰੱਖਿਆ ਏਜੰਸੀ MI5 ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 2022 ਤੋਂ ਵਿਦੇਸ਼ੀ ਸਰਕਾਰਾਂ ਦੁਆਰਾ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲਿਆਂ ਵਿੱਚ 48% ਵਾਧਾ ਹੋਇਆ ਹੈ। ਕਮੇਟੀ ਨੇ ਬਰਤਾਨੀਆ ਸਰਕਾਰ ਤੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹੋਰ ਸਖ਼ਤ ਕਦਮ ਚੁੱਕਣ ਦੀ ਮੰਗ ਵੀ ਕੀਤੀ ਹੈ।

# ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਬਲਾਤਕਾਰ ਮਾਮਲੇ 'ਚ ਦੋਸ਼ੀ ਕਰਾਰ,ਬੈਂਗਲੁਰੂ ਅਦਾਲਤ ਨੇ ਸੁਣਾਇਆ ਫ਼ੈਸਲਾ

## ਰੇਵੰਨਾ ਦੇ 2000 ਤੋਂ ਵੱਧ ਅਸ਼ਲੀਲ ਵੀਡੀਓ ਸਾਹਮਣੇ ਆਏ

**ਬੈਂਗਲੁਰੂ।** ਜਨਤਾ ਦਲ ਸੈਕੂਲਰ (ਜੇਡੀਐਸ) ਦੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਨੂੰ ਬਲਾਤਕਾਰ ਦੇ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਰੇਵੰਨਾ ਦੀ ਸਜ਼ਾ 'ਤੇ ਫੈਸਲਾ 2 ਅਗਸਤ ਨੂੰ ਸੁਣਾਇਆ ਜਾਵੇਗਾ। ਅਦਾਲਤ ਨੇ ਕੇਸ ਦਰਜ ਹੋਣ ਦੇ ਸਿਰਫ਼ 14 ਮਹੀਨਿਆਂ ਵਿੱਚ ਫੈਸਲਾ ਸੁਣਾਇਆ ਹੈ। ਅਦਾਲਤ ਵਿੱਚ ਫੈਸਲਾ ਸੁਣਾਏ ਜਾਣ ਤੋਂ ਬਾਅਦ, ਰੇਵੰਨਾ ਨੂੰ ਫੁੱਟ-ਫੁੱਟ ਕੇ ਰੋਂਦੇ ਦੇਖਿਆ ਗਿਆ। ਉਸ 'ਤੇ ਔਰਤ ਨਾਲ ਬਲਾਤਕਾਰ ਕਰਨ ਅਤੇ ਵੀਡੀਓ ਬਣਾਉਣ ਦਾ ਦੋਸ਼ ਸੀ। ਤੁਹਾਨੂੰ ਦੱਸ ਦੇਈਏ ਕਿ ਰੇਵੰਨਾ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਦਾ ਪੋਤਾ ਹੈ।ਰਿਪੋਰਟ ਅਨੁਸਾਰ, ਇਹ ਫੈਸਲਾ ਬੈਂਗਲੁਰੂ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸੁਣਾਇਆ ਹੈ। ਅਦਾਲਤ ਵਿੱਚ ਸੁਣਵਾਈ ਦੌਰਾਨ, ਰੇਵੰਨਾ ਦੇ ਵਕੀਲ ਨੇ ਦੋਸ਼ਾਂ ਤੋਂ ਇਨਕਾਰ ਕੀਤਾ। ਪਰ ਅਦਾਲਤ ਨੇ ਉਨ੍ਹਾਂ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ। ਇਹ ਮਾਮਲਾ 48 ਸਾਲਾ ਔਰਤ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਸੀ। ਔਰਤ ਰੇਵੰਨਾ ਦੇ ਫਾਰਮ ਹਾਊਸ ਵਿੱਚ ਘਰੇਲੂ ਸਹਾਇਕ ਵਜੋਂ ਕੰਮ ਕਰਦੀ ਸੀ। ਦੋਸ਼ ਲਗਾਇਆ ਗਿਆ ਸੀ ਕਿ ਰੇਵੰਨਾ ਨੇ ਕਥਿਤ ਤੌਰ 'ਤੇ ਉਸ ਨਾਲ ਦੋ ਵਾਰ ਬਲਾਤਕਾਰ ਕੀਤਾ। ਪਹਿਲੀ ਵਾਰ ਫਾਰਮ ਹਾਊਸ 'ਤੇ ਅਤੇ ਫਿਰ 2021 ਵਿੱਚ ਕੋਵਿਡ ਲੌਕਡਾਊਨ ਦੌਰਾਨ ਬੰਗਲੂਰੂ ਦੇ ਬਸਵਾਨਗੁੜੀ ਵਿੱਚ ਉਸਦੇ ਘਰ। ਦੋਸ਼ੀ ਨੇ ਔਰਤ ਦੀ ਵੀਡੀਓ ਵੀ ਬਣਾਈ ਸੀ।

ਵੀਡੀਓ ਵਿੱਚ ਔਰਤ ਨੇ ਜੋ ਸਾੜੀ ਪਾਈ ਹੋਈ ਸੀ, ਉਸਨੂੰ ਉਸਨੇ ਸੁਰੱਖਿਅਤ ਰੱਖਿਆ ਸੀ, ਜਿਸਨੂੰ ਮਾਮਲੇ ਦੌਰਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਜਾਂਚ ਦੌਰਾਨ, ਸਾੜੀ 'ਤੇ ਸ਼ੁਕਰਾਣੂ ਦੇ ਨਿਸ਼ਾਨ ਮਿਲੇ ਸਨ। ਇਹੀ ਕਾਰਨ ਸੀ ਕਿ ਪੀੜਤਾ ਦੀ ਸਾੜੀ ਨੇ ਰੇਵੰਨਾ ਨੂੰ ਦੋਸ਼ੀ ਠਹਿਰਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਰੇਵੰਨਾ ਵਿਰੁੱਧ



ਆਈਪੀਸੀ ਅਤੇ ਆਈਟੀ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਜਾਂਚ ਸੀਆਈਡੀ ਦੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੁਆਰਾ ਕੀਤੀ ਗਈ ਸੀ। 2,000 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਕੁੱਲ 123 ਸਬੂਤ ਇਕੱਠੇ ਕੀਤੇ ਗਏ ਸਨ। ਅਦਾਲਤੀ ਕੇਸ 31 ਦਸੰਬਰ 2024 ਨੂੰ ਸ਼ੁਰੂ ਹੋਇਆ। ਇਸ ਸਮੇਂ ਦੌਰਾਨ 23 ਲੋਕਾਂ ਨੇ ਗਵਾਹੀ ਦਿੱਤੀ।ਟਾਈਮਜ਼ ਆਫ਼ ਇੰਡੀਆ ਦੇ ਅਨੁਸਾਰ, ਜਿਸ ਮਾਮਲੇ ਵਿੱਚ ਉਸਨੂੰ ਦੋਸ਼ੀ ਠਹਿਰਾਇਆ ਗਿਆ ਹੈ, ਉਹ ਉਸਦੇ ਵਿਰੁੱਧ ਦਰਜ ਕੀਤਾ ਗਿਆ ਜਿਨਸੀ ਸ਼ੋਸ਼ਣ ਦਾ ਪਹਿਲਾ ਮਾਮਲਾ ਸੀ। ਰੇਵੰਨਾ ਅਜਿਹੇ ਚਾਰ ਮਾਮਲਿਆਂ ਵਿੱਚ ਮੁੱਖ ਦੋਸ਼ੀ ਹੈ। ਬਾਕੀ ਮਾਮਲੇ ਅਦਾਲਤ ਵਿੱਚ ਵਿਚਾਰ ਅਧੀਨ ਹਨ। ਇਸ ਸਮੇਂ ਉਹ ਨਿਆਂਇਕ ਹਿਰਾਸਤ ਵਿੱਚ ਹੈ। ਉਸਨੂੰ ਅਜੇ ਤੱਕ ਜ਼ਮਾਨਤ ਨਹੀਂ ਮਿਲੀ ਹੈ। ਉਸ ਦੀਆਂ ਕਈ ਪਟੀਸ਼ਨਾਂ ਨੂੰ ਸਥਾਨਕ ਅਦਾਲਤ, ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ।ਰੇਵੰਨਾ ਦੇ 2000 ਤੋਂ ਵੱਧ ਅਸ਼ਲੀਲ ਵੀਡੀਓ ਸਾਹਮਣੇ ਆਏ ਸਨ। ਇਹ ਦੋਸ਼ ਲਗਾਇਆ ਗਿਆ ਸੀ ਕਿ ਉਸਨੇ ਪਹਿਲਾਂ ਔਰਤਾਂ ਨਾਲ ਸੈਕਸ ਕੀਤਾ ਅਤੇ ਫਿਰ ਵੀਡੀਓ ਬਣਾ ਕੇ ਉਨ੍ਹਾਂ ਨੂੰ ਬਲੈਕਮੇਲ ਕੀਤਾ। ਹੁਣ ਉਸਨੂੰ ਅਜਿਹੇ ਹੀ ਇੱਕ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਹੈ।

# ਲੰਡਨ ਵਿਚ ਸਿੱਖ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ, ਤਿੰਨ ਔਰਤਾਂ ਸਮੇਤ ਪੰਜ ਗ੍ਰਿਫ਼ਤਾਰ

**ਲੰਡਨ।** ਲੰਡਨ ਵਿੱਚ ਇੱਕ ਸਨਸਨੀਖੇਜ਼ ਘਟਨਾ ਸਾਹ-ਮਣੇ ਆਈ ਹੈ। ਬ੍ਰਿਟਿਸ਼ ਪੁਲਿਸ ਨੇ ਜਾਣਕਾਰੀ ਦਿੱਤੀ ਕਿ ਪੂਰਬੀ ਲੰਡਨ ਵਿੱਚ ਇੱਕ 30 ਸਾਲਾ ਬ੍ਰਿਟਿਸ਼ ਸਿੱਖ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਹ ਹਮਲਾ ਇੱਕ ਦੂਜੇ ਨੂੰ ਜਾਣਨ ਵਾਲੇ ਲੋਕਾਂ ਵਿਚਕਾਰ ਹੋਇਆ। ਗੈਰੀ ਵਜੋਂ ਮਸ਼ਹੂਰ ਗੁਰਮੁਖ ਸਿੰਘ ਦੀ ਪਿਛਲੇ ਹਫ਼ਤੇ ਪੂਰਬੀ ਲੰਡਨ ਦੇ ਇਲਫੋਰਡ ਦੇ ਫੇਲਬ੍ਰਿਜ ਰੋਡ ਵਿੱਚ ਮੌਤ ਹੋ ਗਈ ਸੀ ਅਤੇ ਉਸ ਦੀ ਪਛਾਣ ਵੀਰਵਾਰ ਨੂੰ ਮੈਟਰੋਪੋਲੀਟਨ ਪੁਲਿਸ ਦੁਆਰਾ ਜਨਤਕ ਕੀਤੀ ਗਈ। ਪੁਲਿਸ ਨੇ ਕਿਹਾ ਕਿ ਉਸ ਦੇ ਅਧਿਕਾਰੀਆਂ ਨੇ 23 ਜੁਲਾਈ ਨੂੰ ਹੋਏ ਕਤਲ ਦੇ ਸ਼ੱਕ ਦੇ ਆਧਾਰ 'ਤੇ 27 ਸਾਲਾ ਅਮਰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ



'ਤੇ ਕਤਲ ਦੇ ਇੱਕ ਦੋਸ਼ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਹ 5 ਜਨਵਰੀ, 2026 ਨੂੰ ਲੰਡਨ ਦੇ ਓਲਡ ਬੇਲੀ ਵਿਖੇ ਅਗਲੀ ਅਦਾਲਤੀ ਸੁਣਵਾਈ ਤੱਕ ਹਿਰਾਸਤ ਵਿੱਚ ਰਹੇਗਾ। ਮੈਟਰੋਪੋਲੀਟਨ ਪੁਲਿਸ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਲੰਡਨ ਐਂਬੂਲੈਂਸ ਸੇਵਾ ਦੁਆਰਾ ਇੱਕ ਰਿਹਾਇਸ਼ੀ ਪਤੇ 'ਤੇ ਲੜਾਈ ਦੀ ਰਿਪੋਰਟ ਮਿਲਣ 'ਤੇ ਪੁਲਿਸ ਨੂੰ ਬੁਲਾਇਆ ਗਿਆ ਸੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਗੈਰੀ ਦਾ ਚਾਕੂ ਨਾਲ ਜ਼ਖਮੀ ਹੋਣ ਤੋਂ ਬਾਅਦ ਇਲਾਜ ਕੀਤਾ ਜਾ ਰਿਹਾ ਸੀ ਅਤੇ ਅਧਿਕਾਰੀ ਮੌਜੂਦ ਸਨ। ਪੈਰਾਮੈਡਿਕਸ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਬਦਕਿਸਮਤੀ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਸੂਸਾਂ ਨੇ ਇਸ ਘਾਤਕ ਚਾਕੂ ਮਾਰਨ ਦੇ ਮਾਮਲੇ ਵਿੱਚ ਇੱਕ 29 ਸਾਲਾ ਆਦਮੀ ਅਤੇ 29, 30 ਅਤੇ 54 ਸਾਲ ਦੀਆਂ ਤਿੰਨ ਔਰਤਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਸਾਰਿਆਂ ਨੂੰ ਅਕਤੂਬਰ ਤੱਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ ਜਦੋਂ ਕਿ ਪੁਲਿਸ ਜਾਂਚ ਜਾਰੀ ਹੈ।

## ਭਾਰੀ ਮੀਂਹ ਕਾਰਨ ਨਿਊਯਾਰਕ ਅਤੇ ਨਿਊ ਜਰਸੀ ਵਿੱਚ ਹੜ੍ਹ, ਐਮਰਜੈਂਸੀ ਲਾਗੂ

**ਵਾਸ਼ਿੰਗਟਨ।** ਤੇਜ਼ ਤੂਫਾਨਾਂ ਅਤੇ ਭਾਰੀ ਮੀਂਹ ਕਾਰਨ ਵੀਰਵਾਰ ਨੂੰ ਅਮਰੀਕਾ ਦਾ ਪੂਰਬੀ ਤੱਟ 'ਤੇ ਹੜ੍ਹ ਆ ਗਿਆ। ਜਿਸ ਤੋਂ ਬਾਅਦ ਨਿਊਯਾਰਕ ਸਿਟੀ ਅਤੇ ਨਿਊ ਜਰਸੀ ਵਿੱਚ ਐਮਰਜੈਂਸੀ ਘੋਸ਼ਿਤ ਕੀਤੀ ਗਈ। ਤੂਫਾਨ ਦਾ ਪ੍ਰਭਾਵ ਨਿਊਯਾਰਕ ਤੋਂ ਵਾਸ਼ਿੰਗਟਨ ਡੀ.ਸੀ. ਤੱਕ ਦੇਖਿਆ ਗਿਆ। ਮੌਸਮ ਵਿਭਾਗ ਅਨੁਸਾਰ, ਕੁਝ ਖੇਤਰਾਂ ਵਿੱਚ ਇੱਕ ਘੰਟੇ ਵਿੱਚ 3 ਇੰਚ (7.6 ਸੈਂਟੀਮੀਟਰ) ਤੱਕ ਮੀਂਹ ਪਿਆ, ਜਿਸ ਕਾਰਨ ਨਾਲੇ ਅਤੇ ਨਦੀਆਂ ਭਰ ਗਈਆਂ। ਨਿਊਯਾਰਕ ਵਿੱਚ ਮੈਟਰੋ ਸਟੇਸ਼ਨਾਂ ਵਿੱਚ ਪਾਣੀ ਭਰ ਗਿਆ। ਸਟੇਸ਼ਨ ਵਿੱਚ ਕੰਧਾਂ ਤੋਂ ਪਾਣੀ ਲੀਕ ਹੁੰਦਾ ਦੇਖਿਆ ਗਿਆ। ਭਾਰੀ ਮੀਂਹ ਕਾਰਨ ਪਟੜੀਆਂ ਪਾਣੀ ਵਿੱਚ ਡੁੱਬ ਗਈਆਂ, ਜਿਸ ਕਾਰਨ ਕਈ ਰੇਲਗੱਡੀਆਂ ਅਤੇ ਯਾਤਰੀ ਫਸ ਗਏ। ਬਚਾਅ ਟੀਮਾਂ ਨੇ ਯਾਤਰੀਆਂ ਨੂੰ ਬਚਾਇਆ। ਸੜਕਾਂ 'ਤੇ ਪਾਣੀ ਭਰਨ ਕਾਰਨ ਕਈ ਵਾਹਨ ਡੁੱਬ ਗਏ ਅਤੇ ਐਕਸਪ੍ਰੈੱਸਵੇਅ ਨੂੰ ਬੰਦ ਕਰਨਾ ਪਿਆ। ਨਿਊ ਜਰਸੀ ਵਿੱਚ, 14 ਹਜ਼ਾਰ ਤੋਂ ਵੱਧ ਲੋਕ 24 ਘੰਟਿਆਂ ਤੱਕ ਬਿਜਲੀ ਤੋਂ ਬਿਨ੍ਹਾਂ ਰਹੇ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਸ਼ਹਿਰ ਅਤੇ ਆਲੇ ਦੁਆਲੇ ਦੇ



ਇਲਾਕਿਆਂ ਵਿੱਚ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ। ਸ਼ੁੱਕਰਵਾਰ ਤੱਕ ਹੋਰ ਮੀਂਹ ਪੈਣ ਦੀ ਉਮੀਦ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਯਾਤਰਾ ਨਾ ਕਰਨ ਅਤੇ ਹੜ੍ਹਾਂ ਤੋਂ ਬਚਣ ਦੀ ਸਲਾਹ ਦਿੱਤੀ ਹੈ।

## ਮਾਂ-ਧੀ ਨੇ ਇਕੱਠੇ ਪਾਸ ਕੀਤੀ 'ਨੀਟ' ਦੀ ਪ੍ਰੀਖਿਆ

**ਤਾਮਿਲਨਾਡੂ।** ਤਾਮਿਲਨਾਡੂ ਵਿਚ ਇਕ 49 ਸਾਲਾ ਫਿਜ਼ੀਓਥੈਰੇਪਿਸਟ ਔਰਤ ਅਤੇ ਉਸਦੀ ਧੀ ਨੇ ਅਪਣੇ ਸੁਪਨਿਆਂ ਨੂੰ ਦ੍ਰਿੜ ਇਰਾਦੇ ਨਾਲ ਪੂਰਾ ਕਰਨ ਦੀ ਇਕ ਸ਼ਾਨਦਾਰ ਉਦਾਹਰਣ ਪੇਸ਼ ਕੀਤੀ ਹੈ। ਦੋਵਾਂ ਨੇ ਅਪਣੀ ਲਗਨ ਅਤੇ ਮਿਹਨਤ ਨਾਲ ਰਾਸ਼ਟਰੀ ਯੋਗਤਾ ਕਮ ਪ੍ਰਵੇਸ਼ ਪ੍ਰੀਖਿਆ (ਨੀਟ) ਪਾਸ ਕੀਤੀ। ਮਾਂ ਨੇ ਪ੍ਰੀਖਿਆ 'ਚ 147 ਅੰਕ ਤੇ ਧੀ ਨੇ 450 ਅੰਕ ਹਾਸਲ ਕੀਤੇ। ਨੀਟ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਔਰਤ ਨੂੰ ਅਪਣੇ ਗ੍ਰਹਿ ਜ਼ਿਲ੍ਹੇ ਦੇ ਨਜ਼ਦੀਕੀ ਸਰਕਾਰੀ ਮੈਡੀਕਲ ਕਾਲਜ ਵਿਚ ਸੀਟ ਮਿਲੀ, ਜਦੋਂ ਕਿ ਧੀ ਮੈਡੀਕਲ ਦੇ ਖੇਤਰ ਵਿਚ ਅਪਣਾ ਸਫ਼ਰ ਸ਼ੁਰੂ ਕਰਨ ਲਈ ਤਿਆਰ ਹੈ। ਅਮੁਥਾਵੱਲੀ ਮਨੀਵਾਨਨ ਨੂੰ ਅਪਣੇ ਸਕੂਲ ਦੇ ਦਿਨਾਂ ਦੇ ਮੁਕਾਬਲੇ ਇਸ ਵਾਰ ਸਿਲੇਬਸ ਬਹੁਤ ਵੱਖਰਾ ਅਤੇ ਕਾਫ਼ੀ ਮੁਸ਼ਕਲ ਲੱਗਿਆ, ਪਰ ਫਿਰ ਵੀ ਰਾਸ਼ਟਰੀ ਪੱਧਰ ਦੀ ਪ੍ਰੀਖਿਆ ਲਈ ਅਪਣੀ ਧੀ ਦੀ ਤਿਆਰੀ ਤੋਂ ਪ੍ਰੇਰਿਤ ਹੋ ਕੇ, ਉਸਨੇ ਅਪਣੀ ਤਿਆਰੀ ਸ਼ੁਰੂ ਕਰ ਦਿਤੀ। ਅਮੁਥਾਵੱਲੀ ਨੇ ਉਤਸ਼ਾਹ ਨਾਲ ਕਿਹਾ, ''ਅਪਣੀ ਧੀ ਨੂੰ ਨੀਟ ਦੀ ਤਿਆਰੀ ਕਰਦੇ ਦੇਖ ਕੇ ਮੇਰੀ ਇੱਛਾ ਦੁਬਾਰਾ ਜਾਗ ਗਈ ਅਤੇ ਉਹ ਮੇਰੀ ਸਭ ਤੋਂ ਵੱਡੀ ਪ੍ਰੇਰਨਾ ਸੀ। ਮੈਂ ਉਸ ਦੀਆਂ ਕਿਤਾਬਾਂ



ਲਈਆਂ ਅਤੇ ਪ੍ਰੀਖਿਆ ਲਈ ਤਿਆਰੀ ਕੀਤੀ।'' ਕੇਂਦਰੀ ਸੈਕੰਡਰੀ ਸਿਖਿਆ ਬੋਰਡ (ਸੀਬੀਐਸਈ) ਦੀ ਵਿਦਿਆਰਥਣ ਐਮ. ਸੰਯੁਕਤਾ ਨੇ ਕੋਚਿੰਗ ਕਲਾਸਾਂ ਲਈਆਂ ਅਤੇ ਉਸਦੀ ਮਾਂ ਵੀ ਉਨ੍ਹਾਂ ਕਿਤਾਬਾਂ 'ਤੇ ਨਿਰਭਰ ਕਰਦੀ ਸੀ ਜੋ ਉਸਨੇ ਪੜ੍ਹੀਆਂ ਸਨ। ਉਸ ਨੇ ਕਿਹਾ, ''ਮੇਰੇ ਪਿਤਾ ਪੇਸ਼ੇ ਤੋਂ ਇਕ ਵਕੀਲ ਸਨ ਅਤੇ ਉਨ੍ਹਾਂ ਨੂੰ ਮੈਡੀਕਲ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਮੇਰੀ ਮਾਂ ਦਾ ਪਿਛੋਕੜ ਮੈਡੀਕਲ ਨਾਲ ਜੁੜਿਆ ਹੋਣ ਕਰ ਕੇ ਉਹ ਆਸਾਨੀ ਨਾਲ ਸਮਝ ਜਾਂਦੀ ਸੀ।'' ਤਾਮਿਲਨਾਡੂ ਮੈਡੀਕਲ ਦਾਖ਼ਲਿਆਂ ਲਈ ਕਾਊਂਸਲਿੰਗ 30 ਜੁਲਾਈ ਨੂੰ ਸ਼ੁਰੂ ਹੋਈ ਅਤੇ ਅਮੁਥਾਵੱਲੀ ਅਪਣੀ ਧੀ ਦੇ ਨਾਲ ਪੀਡਬਲਊਡੀ (ਦਿਵਯਾਂਗਤਾ ਦੇ ਇਕ ਖ਼ਾਸ ਪੱਧਰ ਵਾਲਾ ਵਿਅਕਤੀ) ਸ਼੍ਰੇਣੀ ਰਿਜ਼ਰਵੇਸ਼ਨ ਦੇ ਤਹਿਤ ਕਾਊਂਸਲਿੰਗ ਵਿਚ ਸ਼ਾਮਲ ਹੋਈ। ਉਸਨੇ ਅਪਣੇ ਜੱਦੀ ਸ਼ਹਿਰ ਟੇਨਕਾਸੀ ਦੇ ਨੇੜੇ ਵਿਰੁਧੁਨਗਰ ਵਿਚ ਸਰਕਾਰੀ ਮੈਡੀਕਲ ਕਾਲਜ ਵਿਚ ਸ਼ਾਮਲ ਹੋਣਾ ਚੁਣਿਆ। ਉਸਨੇ ਨੀਟ ਵਿਚ 147 ਅੰਕ ਪ੍ਰਾਪਤ ਕੀਤੇ। ਅਮੁਥਾਵੱਲੀ ਨੇ ਕਿਹਾ ਕਿ ਉਸਨੇ ਲਗਭਗ ਤਿੰਨ ਦਹਾਕੇ ਪਹਿਲਾਂ ਸਕੂਲ ਪੂਰਾ ਕਰਨ ਤੋਂ ਬਾਅਦ ਐਮਬੀਬੀਐਸ ਕੋਰਸ ਵਿਚ ਦਾਖ਼ਲਾ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਸਮੇਂ ਅਜਿਹਾ ਨਹੀਂ ਕਰ ਸਕੀ। ਉਸਨੂੰ ਇਸਦੀ ਬਜਾਏ ਫਿਜ਼ੀਓਥੈਰੇਪੀ ਪੜ੍ਹਨੀ ਪਈ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸੰਯੁਕਤਾ ਨੇ ਕਿਹਾ, ''ਮੈਂ ਅਪਣੀ ਮਾਂ ਵਾਂਗ ਉਸੇ ਕਾਲਜ ਵਿਚ ਨਹੀਂ ਪੜ੍ਹਨਾ ਚਾਹੁੰਦੀ। ਮੈਂ ਜਨਰਲ ਕੋਟੇ ਵਿਚ ਮੁਕਾਬਲਾ ਕਰਨਾ ਚਾਹੁੰਦੀ ਹਾਂ। ਮੈਂ ਕਿਤੇ ਹੋਰ ਪੜ੍ਹਨਾ ਚਾਹੁੰਦੀ ਹਾਂ, ਸ਼ਾਇਦ ਰਾਜ ਤੋਂ ਬਾਹਰ।'' ਉਸਨੇ ਨੀਟ ਵਿਚ 450 ਅੰਕ ਪ੍ਰਾਪਤ ਕੀਤੇ ਹਨ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484



Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮੈਨਪੁਰੀ ਸੜਕ ਹਾਦਸੇ 'ਚ ਇੱਕ ਪਰਿਵਾਰ ਦੇ 5 ਲੋਕਾਂ ਦੀ ਮੌਤ, ਇੱਕ ਜ਼ਖ਼ਮੀ



**ਮੈਨਪੁਰੀ।** ਮੈਨਪੁਰੀ ਵਿੱਚ ਇੱਕ ਪਰਿਵਾਰ ਦੇ 5 ਲੋਕਾਂ ਦੀ ਮੌਤ ਹੋ ਗਈ। ਇੱਕ ਲੜਕੀ ਜ਼ਖਮੀ ਹੈ। ਪੂਰਾ ਪਰਿਵਾਰ ਇੱਕ ਸਵਿਫਟ ਡਿਜ਼ਾਇਰ ਕਾਰ ਵਿੱਚ ਆਗਰਾ ਤੋਂ ਛੀਬਰਾਮਊ ਜਾ ਰਿਹਾ ਸੀ। ਬੇਕਾਬੂ ਕਾਰ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ ਅਤੇ ਦੂਜੀ ਲੇਨ ਵਿੱਚ ਪਹੁੰਚ ਗਈ। ਇਹ ਨਵੀਗੰਜ ਤੋਂ ਆ ਰਹੇ ਇੱਕ ਟਰੱਕ ਨਾਲ ਟਕਰਾ ਗਈ। ਹਾਦਸੇ ਵਿੱਚ ਕਾਰ ਵਿੱਚ ਸਵਾਰ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦੋਂ ਕਿ ਇੱਕ ਲੜਕੀ ਗੰਭੀਰ ਜ਼ਖਮੀ ਹੈ। ਇਹ ਹਾਦਸਾ ਸ਼ੁੱਕਰਵਾਰ ਦੁਪਹਿਰ 1:15 ਵਜੇ ਬੇਵਾਰ ਥਾਣਾ ਖੇਤਰ ਦੇ ਨਾਗਲਾ ਤਾਲ ਨੇੜੇ ਜੀਟੀ ਰੋਡ 'ਤੇ ਵਾਪਰਿਆ। ਕਿਸ਼ਨੀ ਥਾਣਾ ਖੇਤਰ ਦੇ ਹੀਰਾਪੁਰ ਕਥੋਲੀ ਪਿੰਡ ਦੇ ਵਸਨੀਕ ਦੀਪਕ (36), ਉਸਦੀ ਪਤਨੀ ਪੂਜਾ (34), ਧੀਆਂ ਆਸ਼ੀ (9), ਆਰੀਆ (4) ਅਤੇ ਭੈਣ ਸੁਜਾਤਾ (50) ਦੀ ਹਾਦਸੇ ਵਿੱਚ ਮੌਤ ਹੋ ਗਈ। ਦੀਪਕ ਦੀ ਧੀ ਆਰਾਧਿਆ (11) ਗੰਭੀਰ ਜ਼ਖਮੀ ਹੈ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅੰਮ੍ਰਿਤਸਰ ਵਿੱਚ 6 ਅਤਿ-ਆਧੁਨਿਕ ਪਿਸਤੌਲਾਂ ਸਮੇਤ ਪੰਜ ਵਿਅਕਤੀ ਗ੍ਰਿਫ਼ਤਾਰ




**ਚੰਡੀਗੜ੍ਹ/ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਦੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਖੁਫੀਆ ਜਾਣਕਾਰੀ ’ਤੇ ਕਾਰਵਾਈ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਾਂ ਵਾਲੇ ਇੱਕ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਇਸਦੇ ਪੰਜ ਕਾਰਕੁੰਨਾਂ ਨੂੰ ਛੇ ਆਧੁਨਿਕ ਪਿਸਤੌਲ ਸਮਤੇ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਗਰੂਪ ਸਿੰਘ ਵਾਸੀ ਧੁੰਨ (ਤਰਨਤਾਰਨ) , ਨਵਦੀਪ ਸਿੰਘ ਵਾਸੀ ਪੱਤੀ ਲਾਹੀਆਂ ਦੀ (ਤਰਨਤਾਰਨ), ਅਰਸ਼ਦੀਪ ਸਿੰਘ ਵਾਸੀ ਸ਼ਾਲੀਵਾਲ (ਅੰਮ੍ਰਿਤਸਰ), ਗੁਰਲਾਲ ਸਿੰਘ ਵਾਸੀ ਰਾਜੋਕੇ (ਤਰਨਤਾਰਨ) ਅਤੇ ਜੋਬਨ ਸਿੰਘ ਵਾਸੀ ਪੱਤੀ ਮਾਨਾ ਕੀ (ਤਰਨਤਾਰਨ) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਜਗਰੂਪ ਸਿੰਘ ਅਤੇ ਨਵਦੀਪ ਸਿੰਘ ਜੁਰਾਇਮ-ਪੇਸ਼ਾ ਅਤੇ ਅਪਰਾਧਿਕ ਪਿਛੋਕੜ ਵਾਲੇ ਅਪਰਾਧੀ ਹਨ ਅਤੇ ਉਨ੍ਹਾਂ ਵਿਰੁੱਧ ਅਸਲਾ ਐਕਟ ਅਤੇ ਐਨਡੀਪੀਐਸ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ।

ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਚਾਰ 9 ਐਮਐਮ ਗਲੌਕ ਪਿਸਤੌਲਾਂ ਅਤੇ ਦੋ .30 ਬੋਰ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਜ਼ਿੰਦਾ ਕਾਰਤੂਸ ਸ਼ਾਮਲ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿ-ਸਤਾਨ ਸਥਿਤ ਤਸਕਰ ਰਾਣਾ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਹੇ ਸਨ, ਜੋ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਭੇਜਦਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪੰਜਾਬ ਵਿੱਚ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰ ਕਰਦੇ ਸਨ ਤਾਂ ਜੋ ਸਰਹੱਦੀ ਰਾਜ ਦੀ ਸ਼ਾਂਤੀ ਨੂੰ ਢਾਹ ਲਾਈ ਜਾ ਸਕੇ। ਡੀਜੀਪੀ ਨੇ ਕਿਹਾ ਕਿ ਸੀ.ਆਈ. ਅੰਮ੍ਰਿਤਸਰ ਦੀਆਂ ਟੀਮਾਂ ਨੂੰ ਤਰਨਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰਾਂ ਤੋਂ ਹਥਿਆਰਾਂ ਦੀ ਖੇਪ ਪ੍ਰਾਪਤ ਹੋਣ ਬਾਰੇ ਪੁਖ਼ਤਾ ਖੁਫੀਆ ਇਤਲਾਹ ਮਿਲੀ ਸੀ। ਇਸ ’ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਪੁਲਿਸ ਟੀਮਾਂ ਨੇ ਅੰਮ੍ਰਿਤਸਰ-ਭਿੱਖੀਵਿੰਡ ਰੋਡ ’ਤੇ ਸਥਿਤ ਬੱਸ ਸਟਾਪ ਪੰਜਵੜ ਦੇ ਨੇੜੇ ਪੰਜ ਤੋਂ ਵੱਧ ਵਿਅਕਤੀਆਂ ਨੂੰ ਉਦੋਂ ਰੋਕਿਆ, ਜਦੋਂ ਉਹ (ਮੁਲਜ਼ਮ) ਉਨ੍ਹਾਂ ਗੈਂਗਸਟਰਾਂ ਦੀ ਉਡੀਕ ਕਰ ਰਹੇ ਸਨ, ਜਿਨ੍ਹਾਂ ਨੂੰ ਖੇਪ ਅੱਗੇ ਪਹੁੰਚਾਈ ਜਾਣੀ ਸੀ।

ਡੀਜੀਪੀ ਨੇ ਦੱਸਿਆ ਕਿ ਕਾਰਵਾਈ ਦੌਰਾਨ ਉਕਤ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਨੈੱਟਵਰਕ ਦੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧੀ ਆਰਮਜ਼ ਐਕਟ ਦੀ ਧਾਰਾ 25, 25(1)(ਏ) ਅਤੇ 25(1)(ਬੀ) ਅਤੇ ਬੀਐਨਐਸ ਦੀ ਧਾਰਾ 61(2) ਦੇ ਤਹਿਤ ਐਫਆਈਆਰ ਨੰਬਰ 42 ਮਿਤੀ 01-08-2025 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਕਪੂਰਥਲਾ ’ਚ ਵਿਆਹੁਤਾ ਨੇ 3 ਸਾਲਾ ਬੱਚੇ ਸਮੇਤ ਅੱਗ ਲਗਾ ਕੇ ਕੀਤੀ ਜੀਵਨ ਲੀਲ੍ਹਾ ਸਮਾਪਤ





**ਕਪੂਰਥਲਾ।** ਸਥਾਨਕ ਕਸਬੇ ‘ਚ ਗੁਰਦੁਆਰਾ ਟਾਂਵੀ ਸਾਹਿਬ ਰੋਡ ’ਤੇ ਸਥਿਤ ਇੱਕ ਘਰ "ਚ ਮਹਿਲਾ ਨੇ ਅੱਗ ਲਗਾ ਕੇ ਆਪਣੀ ਅਤੇ 3 ਸਾਲਾ ਦੇ ਬੱਚੇ ਦੀ ਜੀਵਨ ਲੀਲਾ ਸਮਾਪਤ ਕਰਨ ਦਾ ਅਤਿ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ ਤੇ ਪੁੱਜ ਕੇ ਇਕੱਤਰ ਕੀਤੀ ਜਾਣਕਾਰੀ ਮੁਤਾਬਕ ਪ੍ਰੀਤੀ (ਉਮਰ ਕਰੀਬ 26 ਸਾਲ) ਪਤਨੀ ਤਰਲੋਚਨ ਸਿੰਘ ਉਰਫ ਸਨੀ ਜੋ ਕਿ ਘਰ ਦੇ ਉੱਪਰ ਬਣੇ ਕਮਰੇ ਵਿੱਚ ਆਪਣੇ 3 ਸਾਲਾ ਬੱਚੇ ਪਰਵਿੰਦਰ ਸਿੰਘ ਨਾਲ ਰਹਿ ਰਹੀ ਸੀ ਅਤੇ ਉਸਦਾ ਪਤੀ ਕਰੀਬ 2 ਸਾਲ ਤੋਂ ਦੁਬਈ ਗਿਆ ਹੋਇਆ ਹੈ। ਅੱਜ ਬਾਅਦ ਦੁਪਹਿਰ ਪ੍ਰੀਤੀ ਨੇ ਆਪਣੇ ਬੱਚੇ ਨਾਲ ਖੁਦ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਜਿਸ ਦੌਰਾਨ ਪ੍ਰੀਤੀ ਦੀ ਮੌਕੇ ਤੇ ਮੌਤ ਹੋ ਗਈ। ਤੜਫਦੇ ਬੱਚੇ ਨੂੰ ਕਾਲ਼ਾ ਸੰਘਿਆਂ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ ਜਿਥੇ ਪਹੁੰਚ ਕੇ ਬੱਚੇ ਦੀ ਵੀ ਮੌਤ ਹੋ ਗਈ। ਘਟਨਾ ਦੀ ਸੂਚਨਾਂ ਮਿਲਣ ਤੇ ਚੌਂਕੀ ਇੰਚਾਰਜ ਕਾਲਾ ਸੰਘਿਆਂ ਏ.ਐਸ.ਆਈ.ਅਮਰਜੀਤ ਸਿੰਘ ਨੇ ਪੁਲਿਸ ਪਾਰਟੀ ਸਮੇਤ ਮੌਕੇ ਤੇ ਆ ਕੇ ਪੜਤਾਲ ਸ਼ੁਰੂ ਕੀਤੀ ਉਪਰੰਤ ਥਾਣਾ ਸਦਰ ਕਪੂਰਥਲਾ ਦੇ ਥਾਣਾ ਮੁਖੀ ਇੰਸਪੈਕਟਰ ਪ੍ਰਭਜੋਤ ਕੌਰ ਵੀ ਮੌਕੇ ਤੇ ਪਹੁੰਚੇ। ਪੁਲਿਸ ਨੇ ਦਸਿਆ ਦੱਸਿਆ ਕਿ ਮ੍ਰਿਤਕ ਪ੍ਰੀਤੀ ਦੇ ਪਿਤਾ ਅਮਰੀਕ ਸਿੰਘ ਦੇ ਬਿਆਨ ਕਲਮਬੱਧ ਕੀਤੇ ਜਾ ਰਹੇ ਹਨ ਅਤੇ ਦੋਵੇਂ ਲਾਸ਼ਾਂ ਨੂੰ ਪੁਲਿਸ ਨੇ ਕਬਜ਼ੇ ਵਿੱਚ ਲੈ ਲਿਆ ਹੈ। ਉਨ੍ਹਾਂ ਦਸਿਆ ਕਿ ਮ੍ਰਿਤਕ ਦੇ ਪਿਤਾ ਨੇ ਇਸ ਘਟਨਾ ਲਈ ਮ੍ਰਿਤਕ ਦੇ ਪਤੀ ਤੇ ਸਹੁਰੇ ਪਰਿਵਾਰ ਨੂੰ ਜਿੰਮੇਵਾਰ ਠਹਰਾਇਆ ਹੈ ਜਿਸ ਦੇ ਸੰਬੰਧ ਵਿੱਚ ਕਾਰਵਾਈ ਕੀਤੀ ਜਾ ਰਹੀ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੀਲਾ ਪੰਜਾ ਚਲਾ ਲਿਆ ਪ੍ਰਸ਼ਾਸਨ ਨੇ ਕਿਸਾਨਾਂ ਤੋਂ 3 ਕਿਲੋਮੀਟਰ ਲੰਬੇ ਹਾਈਵੇਅ ਦੀ ਜ਼ਮੀਨ ਦਾ ਕਬਜ਼ਾ

**● ਕਿਸਾਨਾਂ ਵੱਲੋਂ 1.5 ਕਰੋੜ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ● ਪ੍ਰਸ਼ਾਸ਼ਨ ਵੱਲੋਂ 15 ਅਗਸਤ ਤੱਕ ਖਾਤਿਆਂ ਚ ਪੈਸੇ ਪਾਉਣ ਦਾ ਭਰੋਸਾ**







**ਕਪੂਰਥਲਾ, ( ਕੌੜਾ )-** ਪਿੰਡ ਡਡਵਿੰਡੀ ਨੇੜੇ ਨੈਸ਼ਨਲ ਹਾਈਵੇ ਅਧੀਨ ਆਉਂਦੀ ਜਮੀਨ ਦਾ ਅੱਜ ਪ੍ਰਸ਼ਾਸਨ ਵੱਲੋਂ ਪੀਲਾ ਪੰਜਾ ਚਲਾ ਕੇ ਕਬਜ਼ਾ ਲੈ ਲਿਆ ਗਿਆ। ਕਬਜ਼ਾ ਲੈਣ ਪਹੁੰਚੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦਾ ਪਹਿਲਾਂ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ ਅਤੇ ਇੱਕ ਵਾਰੀ ਕਬਜ਼ਾ ਲੈਣ ਦਾ ਕੰਮ ਰੋਕ ਦਿੱਤਾ ਗਿਆ। ਉਪਰੰਤ ਦੋਵਾਂ ਧਿਰਾਂ ਵਿੱਚ ਸਹਿਮਤੀ ਬਣਨ ਤੋਂ ਬਾਅਦ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵੱਲੋਂ ਕਰੀਬ 3 ਕਿਲੋਮੀਟਰ ਲੰਬੇ ਹਾਈਵੇਅ ਦੀ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ। ਇਸ ਮੌਕੇ ਹਾਈਵੇਅ ਵਿੱਚ ਆਉਣ ਵਾਲੀ ਜਮੀਨ ਦੇ ਮਾਲਕਾਂ ਨੇ ਕਿਹਾ ਕਿ ਉਨਾਂ ਨੂੰ ਅਜੇ ਤੱਕ ਜਮੀਨ ਦਾ ਕੋਈ ਪੈਸਾ ਨਹੀਂ ਮਿਲਿਆ ਅਤੇ ਵਪਾਰਕ ਜਮੀਨ ਦਾ ਮੁੱਲ ਵੀ ਘੱਟ ਦਿੱਤਾ ਜਾ ਰਿਹਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਸਟੇਟ ਪੀ ਡਬਲਿਊ ਡੀ ਦੇ ਨੈਸ਼ਨਲ ਹਾਈਵੇ ਜਲੰਧਰ ਡਿਵੀਜ਼ਨ ਦੇ ਐਗਜੀਕਿਊਟਿਵ ਇੰਜੀਨੀਅਰ ਪ੍ਰੇਮ ਕਮਲ ਨੇ ਦੱਸਿਆ ਕਿ ਇਹ ਨੈਸ਼ਨਲ ਹਾਈਵੇ 703ਏ ਦੇ ਅਧੀਨ ਆਉਂਦਾ ਮਨਿਸਟਰੀ ਆਫ ਰੋਡ ਟਰਾਂਸਪੋਰਟ ਦਿੱਲੀ ਦਾ ਪ੍ਰੋਜੈਕਟ ਹੈ ਅਤੇ ਇਸ ਵਿੱਚ ਇੱਕ ਰੇਲਵੇ ਦਾ ਓਵਰ ਬ੍ਰਿਜ ਵੀ ਆਉਂਦਾ ਹੈ। ਉਨਾਂ ਦੱਸਿਆ ਕਿ ਇਸ ਸਬੰਧੀ ਨੋਟੀਫਿਕੇਸ਼ਨ ਕਾਫੀ ਦੇਰ ਪਹਿਲਾਂ ਹੋ ਚੁੱਕਾ ਸੀ ਅਤੇ ਕਿਸਾਨਾਂ ਵੱਲੋਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤੇ ਗਏ ਸਨ ਜੋ ਕਿ ਦੋਵਾਂ ਮਾਨਯੋਗ ਅਦਾਲਤਾਂ ਵਿੱਚੋਂ ਖਾਰਜ ਹੋ ਚੁੱਕੇ ਹਨ। ਇਸ ਤੋਂ ਬਾਅਦ ਨੈਸ਼ਨਲ ਹਾਈਵੇ ਪ੍ਰੋਜੈਕਟ ਸਬੰਧੀ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੀ ਮਦਦ ਨਾਲ ਅੱਜ ਜਮੀਨ ਦਾ ਕਬਜ਼ਾ ਲਿਆ ਜਾ ਰਿਹਾ ਹੈ। ਉਨਾਂ ਦੱਸਿਆ ਕਿ ਕਿਸਾਨਾਂ ਨਾਲ ਸਹਿਮਤੀ ਬਣਨ ਤੋਂ ਬਾਅਦ ਰੋਡ ਵਾਲੀ ਜਗ੍ਹਾ ਦੇ ਦੋਵੇਂ ਪਾਸੀਂ ਵੱਟ ਲਗਾ ਦਿੱਤੀ ਜਾਵੇਗੀ ਜਿਸ ਨੂੰ ਕਿਸਾਨ ਨਹੀਂ ਛੇੜਨਗੇ। ਇਸ ਮੌਕੇ ਸਾਬਕਾ ਸਰਪੰਚ ਜਸਬੀਰ ਸਿੰਘ ਨੇ ਦੱਸਿਆ ਕਿ ਪੀੜਤ ਕਿਸਾਨ ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਬਹਾਦਰ ਸਿੰਘ, ਸੋਹਣ ਸਿੰਘ, ਚਰਨ ਸਿੰਘ, ਪਿਆਰਾ ਸਿੰਘ, ਸੂਰਤ ਸਿੰਘ, ਸਵਰਨ ਸਿੰਘ, ਰਣਜੀਤ ਸਿੰਘ, ਕਰਮਬੀਰ ਸਿੰਘ ਕੇਬੀ, ਦਿਲਦਾਰ ਸਿੰਘ, ਹਰਦਿਆਲ ਸਿੰਘ ਦਿੱਲੀ ਵਾਲੇ, ਬਖਸ਼ੀਸ਼ ਸਿੰਘ, ਨਿਰਮਲ ਸਿੰਘ, ਕੁਲਦੀਪ ਸਿੰਘ ਸਾਬਕਾ ਸਰਪੰਚ, ਬਲਵੀਰ ਸਿੰਘ, ਗੁਰਮੀਤ ਸਿੰਘ, ਬਲਦੇਵ ਸਿੰਘ, ਤਰਲੋਚਨ ਸਿੰਘ, ਮਹਿੰਦਰ ਸਿੰਘ, ਹਰਜਿੰਦਰ ਸਿੰਘ, ਪਾਲ ਸਿੰਘ ਤੇ ਗੁਰਵਿੰਦਰ ਸਿੰਘ ਦੀ ਜਮੀਨ ਇਕਵਾਇਰ ਕੀਤੀ ਗਈ ਹੈ ਅਤੇ ਪ੍ਰਸ਼ਾਸਨ ਵੱਲੋਂ ਜਮੀਨ 'ਤੇ ਕਬਜ਼ਾ ਕਰਨ ਸਬੰਧੀ ਕੋਈ ਨੋਟਿਸ ਨਹੀਂ ਦਿੱਤਾ ਗਿਆ ਅਤੇ ਅਚਾਨਕ ਹੀ ਧਾਵਾ ਬੋਲ ਦਿੱਤਾ ਗਿਆ। ਕਿਸਾਨਾਂ ਨੇ ਦੋਸ਼ ਲਗਾਇਆ ਕਿ ਅਜੇ ਤੱਕ ਉਨਾਂ ਦੇ ਖਾਤਿਆਂ ਵਿੱਚ ਕੋਈ ਵੀ ਪੈਸਾ ਨਹੀਂ ਪਾਇਆ ਗਿਆ ਅਤੇ ਉਨਾਂ ਦੀ ਜਮੀਨ ਹਾਈਵੇ ਨਾਲ ਲੱਗਦੀ ਹੋਣ ਕਰਕੇ ਕਮਰਸ਼ੀਅਲ ਭਾਅ 'ਤੇ ਵਿਕਣੀ ਚਾਹੀਦੀ ਹੈ ਜਦਕਿ ਪ੍ਰਸ਼ਾਸਨ ਵੱਲੋਂ ਇਸ ਦਾ ਬਹੁਤ ਘੱਟ ਰੇਟ ਦਿੱਤਾ ਜਾ ਰਿਹਾ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਉਨਾਂ ਨੂੰ ਘੱਟੋ ਘੱਟ ਡੇਢ ਕਰੋੜ ਰੁਪਏ ਪਰ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਖਬਰ ਲਿਖੇ ਜਾਣ ਤੱਕ ਅੱਠ ਜੇਸੀਬੀ ਮਸ਼ੀਨਾਂ ਕਬਜ਼ਾ ਲੈਣ ਲਈ ਕੰਮ ਕਰ ਰਹੀਆਂ ਸਨ। ਇਸ ਮੌਕੇ ਐਸਡੀਐਮ ਸੁਲਤਾਨਪੁਰ ਲੋਧੀ ਅਲਕਾ ਕਾਲੀਆ, ਐਸਪੀ (ਡੀ) ਪੀਐਸ ਵਿਰਕ, ਤਹਿਸੀਲਦਾਰ ਗੌਰਵ ਬਾਂਸਲ, ਡੀਐਸਪੀ ਸੁਲਤਾਨਪੁਰ ਲੋਧੀ ਹਰਗੁਰਦੇਵ ਸਿੰਘ, ਐਸਐਚਓ ਸੋਨਮਦੀਪ ਕੌਰ, ਜਥੇਦਾਰ ਮੁਖਤਿਆਰ ਸਿੰਘ ਸੋਢੀ ਡਡਵਿੰਡੀ, ਕਰਮਵੀਰ ਸਿੰਘ ਕੇਬੀ, ਸਾਬਕਾ ਸਰਪੰਚ ਜਸਬੀਰ ਸਿੰਘ, ਕਿਸਾਨ ਆਗੂ ਪਰਮਜੀਤ ਸਿੰਘ ਪੱਕਾ ਕੋਠਾ,ਬਲਬੀਰ ਸਿੰਘ ਸੰਧਾ, ਹਾਕਮ ਸਿੰਘ ਸ਼ਾਹਜਾਨਪੁਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਮਹੰਤ ਪ੍ਰਵੀਨ ਚੌਧਰੀ ਦੀ ਮਾਤਾ ਸਵਰਗੀ ਰੁਕਮਣੀ ਦੇਵੀ ਦੀ ਸ਼ੋਕ ਸਭਾ ਵਿੱਚ ਸੈਂਕੜੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਹੰਤ ਪ੍ਰਵੀਨ ਚੌਧਰੀ, ਪੁਰਸ਼ੋਤਮ ਚੌਧਰੀ ਜੀ ਦੀ ਸਤਿਕਾਰਯੋਗ ਮਾਤਾ ਅਤੇ ਬ੍ਰਿਜ ਲਾਲ ਚੌਧਰੀ ਦੀ ਪਤਨੀ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਆਯੋਜਿਤ ਸ਼੍ਰੀ ਗਰੁੜ ਪੁਰਾਣ ਜੀ ਦੀ ਆਖਰੀ ਸ਼ਰਧਾਂਜਲੀ ਸਭਾ ਅਤੇ ਭੇਟ ਵਿੱਚ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਵਪਾਰਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸਥਾਨਕ ਪੱਖੋਵਾਲ ਰੋਡ 'ਤੇ ਸਾਊਥ ਐਂਡ ਗਾਰਡਨ ਵਿਖੇ ਆਯੋਜਿਤ ਸ਼ੋਕ ਸਭਾ ਵਿੱਚ ਆਚਾਰੀਆ ਸੰਦੀਪ ਜੋਸ਼ੀ ਨੇ ਸ਼੍ਰੀ ਗਰੁੜ ਪੁਰਾਣ ਜੀ ਦੇ ਅੰਤਿਮ ਪੱਦਤੀਆਂ ਦਾ ਪਾਠ ਕੀਤਾ ਅਤੇ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਸ਼੍ਰੀ ਰਾਮ ਸ਼ਰਨਮ ਤੋਂ ਸੰਤ ਅਸ਼ਵਨੀ ਬੇਦੀ ਜੀ ਨੇ ਕਿਹਾ ਕਿ ਮਹੰਤ ਪ੍ਰਵੀਨ ਚੌਧਰੀ ਜੀ ਸਵਰਗੀ ਮਾਤਾ ਰੁਕਮਣੀ ਜੀ ਤੋਂ ਪ੍ਰਾਪਤ ਕਦਰਾਂ-ਕੀਮਤਾਂ ਨੂੰ ਅੱਗੇ ਵਧਾ ਕੇ ਧਰਮ ਅਤੇ ਸਮਾਜ ਪ੍ਰਤੀ ਸਮਰਪਿਤ ਜੀਵਨ ਜੀ ਰਹੇ ਹਨ। ਭਜਨ ਗਾਇਕਾ ਲੀਜ਼ਾ ਡਾਬਰ ਨੇ ਭਜਨ ਪੇਸ਼ ਕੀਤੇ ਅਤੇ ਸਵਰਗੀ ਰੁਕਮਣੀ ਜੀ ਦੁਆਰਾ ਆਪਣੇ ਆਖਰੀ ਸਾਹ ਤੱਕ ਨਿਭਾਈਆਂ ਗਈਆਂ ਧੀ, ਮਾਂ, ਨੂੰਹ ਅਤੇ ਸੱਸ ਦੀਆਂ ਜ਼ਿੰਮੇਵਾਰੀਆਂ ਦਾ ਵਰਣਨ ਕੀਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਇਕ ਦਲਜੀਤ ਭੋਲਾ ਗਰੇਵਾਲ, ਰਾਜਿੰਦਰ ਕੌਰ ਛੀਨਾ, ਕੁਲਵੰਤ ਸਿੰਘ ਸਿੱਧੂ, ਰਾਜ ਸਭਾ ਮੈਂਬਰ ਸੰਤ ਸੀਚੇਵਾਲ, ਗਊ-ਸੇਵਕ ਸਵਾਮੀ ਕ੍ਰਿਸ਼ਨਾਨੰਦ ਜੀ ਮਹਾਰਾਜ ਨੇ ਸ਼ੋਕ ਸੰਦੇਸ਼ ਭੇਜੇ ਅਤੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਬਾਬਾ ਕੁਲਵੰਤ ਭੱਲਾ, ਮਹੰਤ ਸ਼ਕਤੀ ਨਾਥ, ਸਾਧਵੀ ਲਤਾ ਜੀ, ਸਵਾਮੀ ਰਾਜ



ਰਾਜੇਸ਼ਵਰੀ, ਪੰਡਿਤ ਦੇਵੀ ਦਿਆਲ, ਮਾਤਾ ਚਿੰਤਪੁਰਨੀ ਮੰਦਿਰ ਹਿਮਾਚਲ ਪ੍ਰਦੇਸ਼ ਤੋਂ ਪੰਡਿਤ ਭੂਸ਼ਣ ਕਾਲੀਆ ਅਤੇ ਵਿਪਨ ਕਾਲੀਆ, ਅਚਾਰੀਆ ਦੀਪਕ ਸ਼ਾਸਤਰੀ, ਸਾਬਕਾ ਮੰਤਰੀ ਦਲਜੀਤ ਸਿੰਘ ਭੂਰਾ, ਭੁੱਚਾ ਸਿੰਘ ਗਰੇਵਾਲ, ਮਹਾਂਜੀਤ ਸਿੰਘ ਭੂਰਾ, ਸ਼੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਹੀਰਾ ਸਿੰਘ ਗਾਬੜੀਆ, ਵਿਧਾਇਕ ਮਦਨ ਲਾਲ ਬੱਗਾ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਸੀ.ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਕੁਲਦੀਪ ਵੈਦਿਆ, ਰਣਜੀਤ ਸਿੰਘ ਢਿੱਲੋਂ, ਦਰਸ਼ਨ ਲਾਲ ਲੱਡੂ, ਮਦਨ ਲਾਲ ਚੋਪੜਾ, ਦਰਸ਼ਨ ਅਰੋੜਾ, ਸੰਜੇ ਸਿੰਘ ਪਰਾਸ਼ਰ, ਰਾਜਪਾਲ ਸਿੰਘ ਰਾਜਪਾਲ, ਡੀ. ਜੈਨ ਬੌਬੀ, ਅਸ਼ੋਕ ਧਵਨ, ਸੁੰਦਰ ਦਾਸ ਧਮੀਜਾ, ਸ਼ਬਨਮ ਗੋਦਾਰਾ ਅਤੇ ਹਨੂੰਮਾਨਗੜ੍ਹ ਤੋਂ ਪ੍ਰਮੋਦ ਜੀ, ਏ.ਡੀ.ਸੀ.ਪੀ ਮਨਦੀਪ ਸਿੰਘ ਸੰਧੂ, ਈਸ਼ਵਰਜੋਤ ਚੀਮਾ, ਨਿਰਮਲ ਕੈੜਾ, ਮਨੋਹਰ ਲਾਲ, ਵਿੱਕੀ ਡਾਬਰ, ਤਨਵੀਰ ਧਾਲੀਵਾਲ, ਡਾ: ਗੌਤਮ ਅਗਰਵਾਲ, ਕਪਿਲ ਕੁਮਾਰ ਸੋਨੂੰ, ਸੰਜੀਵ ਸਚਦੇਵਾ ਸ਼ੇਰੂ, ਆਨੰਦ ਤਾਇਲ, ਸੰਨੀ ਵੋਹਰਾ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਸੰਨਦੀਪ ਮਾਨਵ, ਐੱਸ. ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਰਾਮ ਪਾਲ ਤ੍ਰਿਖਾ, ਬੌਬੀ ਮੱਕੜ, ਦਿਨੇਸ਼ ਰੱਲੀ, ਗੌਰਵ ਮਹਿਤਾ, ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਾਬ ਸ਼ਰਮਾ, ਰੋਹਿਤ ਸ਼ਰਮਾ, ਜਨਾਬ ਸ਼ਰਮਾ, ਜਨਾਬ ਸ਼ਰਮਾ, ਰਾਜੇਸ਼ ਰੱਲੀ। ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਆਦਿਤਿਆ ਗੁਪਤਾ, ਪੰਡਿਤ ਭੂਪੇਂਦਰ, ਵਰੁਣ ਸ਼ਰਮਾ, ਵਰੁਣ ਦੱਤ, ਤੁਸ਼ਾਰ ਬਾਂਸਲ, ਨਰਿੰਦਰ ਮੋਹਿਨੀ, ਅਰੁਣ ਮਹਿਤਾ, ਗੁਨੀਤ ਖੇੜਾ ਸਮੇਤ ਆਲ ਇੰਡੀਆ ਯੂਥ ਐਸੋਸੀਏਸ਼ਨ ਫੋਰਮ, ਮਾਰਵਾੜੀ ਸੇਵਾ ਦੇ ਨੁਮਾਇੰਦਿਆਂ ਨੇ ਡਾ. ਪਰਿਵਾਰ, ਆਲ ਇੰਡੀਆ ਪਾਰਿਖ ਮਹਾਸਭਾ, ਖੰਡੇਵਾਲ ਬ੍ਰਾਹਮਣ ਕੌਂਸਲ, ਗੁੱਜਰ ਗੌੜ ਬ੍ਰਾਹਮਣ ਸਭਾ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਸ਼ਿਵ ਸ਼ਕਤੀ ਮੰਦਰ ਕਿਦਵਈ ਨਗਰ, ਸ਼ਿਵ ਧਾਮ ਬੱਗੇਕਲਾ, ਕ੍ਰਿਸ਼ਨਾ ਮੰਦਰ ਟਰੱਸਟ, ਪਰਸ਼ੂਰਾਮ ਗਿਆਨ ਵਾਟਿਕਾ, ਸ਼੍ਰੀ ਰਾਧੇਕ੍ਰਿਸ਼ਨ ਗੌਧਾਮ ਟਰੱਸਟ, ਸ਼੍ਰੀ ਗਣੇਸ਼ ਗਣਪਤੀ ਕਾਲਜ, ਸ਼੍ਰੀ ਤ੍ਰਿਫਲੋ ਡੀ. ਮਰਹੂਮ ਰੁਕਮਣੀ ਦੇਵੀ ਜੀ ਨੂੰ ਸ਼ਰਧਾਂਜਲੀ ਦਿੱਤੀ ਅਤੇ ਇਸ ਦੁੱਖ ਦੀ ਘੜੀ ਵਿੱਚ ਚੌਧਰੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਮਾਂ ਬਗਲਾਮੁਖੀ ਧਾਮ ਦੇ ਸੇਵਾਦ-ਾਰ ਮਨਜੀਤ ਛੱਤਵਾਲ ਅਤੇ ਪਰਮਵੀਰ ਸਿੰਘ ਪ੍ਰਿੰਸ ਨੇ ਸ਼ੋਕ ਸਭਾ ਵਿੱਚ ਹਾਜ਼ਰ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਵਪਾਰਕ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਚੌਧਰੀ ਪਰਿਵਾਰ ਵੱਲੋਂ ਧੰਨਵਾਦ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਰ ਸੀ ਐਫ ਕਰਮਚਾਰੀ ਯੂਨੀਅਨ ਦਾ ਵਿਸ਼ਾਲ ਰੋਸ਼ ਪ੍ਰਦਰਸ਼ਨ

## ਪ੍ਰਦਰਸ਼ਨ: ਪੁਰਾਣੀ ਪੈਨਸ਼ਨ ਦੀ ਬਹਾਲੀ, ਠੇਕਾ ਪ੍ਰਣਾਲੀ ਨੂੰ ਖਤਮ ਕਰਨ, ਰੇਲ ਕੋਚ ਫੈਕਟਰੀ ਦੇ ਭਖਦੇ ਮੁੱਦੇ ਅਤੇ ਨਵੀਂ ਭਰਤੀ ਦੀ ਜ਼ੋਰਦਾਰ ਮੰਗ

**ਕਪੂਰਥਲਾ ( ਕੌੜਾ)–** ਅੱਜ ਰੇਲ ਕੋਚ ਫੈਕਟਰੀ (ਆਰ ਸੀ ਐਫ) ਵਿਖੇ ਆਰ ਸੀ ਐਫ ਕਰਮਚਾਰੀ ਯੂਨੀਅਨ ਦੇ ਬੈਨਰ ਹੇਠ ਸੈਂਕੜੇ ਕਰਮਚਾਰੀਆਂ, ਖਾਸ ਕਰਕੇ ਮਹਿਲਾ ਕਰਮਚਾਰੀਆਂ ਦੁਆਰਾ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਕਰਮਚਾਰੀਆਂ ਦੀਆਂ ਵੱਖ-ਵੱਖ ਲੰਬਿਤ ਮੰਗਾਂ, ਖਾਸ ਕਰਕੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਠੇਕਾ ਪ੍ਰਣਾਲੀ ਨੂੰ ਖਤਮ ਕਰਨ ਅਤੇ ਤੁਰੰਤ ਨਵੀਂ ਭਰਤੀ ਦੀ ਮੰਗ ਕੀਤੀ ਗਈ। ਵਿਰੋਧ ਪ੍ਰਦਰਸ਼ਨ ਤੋਂ ਬਾਅਦ, ਯੂਨੀਅਨ ਦੇ ਅਹੁਦੇਦਾਰਾਂ ਨੇ ਆਰਸੀਐਫ ਦੇ ਜਨਰਲ ਮੈਨੇਜਰ (ਜੀਐਮ) ਨੂੰ ਇੱਕ ਵਿਸਤ੍ਰਿਤ ਮੰਗ ਪੱਤਰ ਸੌਂਪਿਆ, ਜਿਸ ਵਿੱਚ ਇਨ੍ਹਾਂ ਸਾਰੇ ਮੁੱਦਿਆਂ ਦੇ ਹੱਲ ਦੀ ਮੰਗ ਕੀਤੀ ਗਈ।

ਇਸ ਮੌਕੇ ਕਰਮਚਾਰੀਆਂ ਨੂੰ ਸੰਬੋਧਨ ਕਰਦੇ ਹੋਏ, ਸੰਗਠਨ ਸਕੱਤਰ ਭਰਤ ਰਾਜ ਨੇ ਆਰਸੀਐਫ ਦੀਆਂ ਸਥਾਨਕ ਸਮੱਸਿਆਵਾਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ, "ਆਰਸੀਐਫ ਵਿੱਚ ਕੰਟਰੈਕਟਿੰਗ ਆਪਣੇ ਸਿਖਰ 'ਤੇ ਹੈ। ਪ੍ਰਸ਼ਾਸਨ ਨੇ 3000 ਕੋਚ ਉਤਪਾਦਨ ਦਾ ਟੀਚਾ ਰੱਖਿਆ ਹੈ, ਪਰ ਹਰ ਮਹੀਨੇ ਲਗਭਗ 50 ਕੰਮ ਕਰਨ ਵਾਲੇ ਕਰਮਚਾਰੀ ਸੇਵਾਮੁਕਤ ਹੋ ਰਹੇ ਹਨ ਅਤੇ ਕੋਈ ਨਵੀਂ ਭਰਤੀ ਨਹੀਂ ਹੋ ਰਹੀ ਹੈ।" ਉਨ੍ਹਾਂ ਕਿਹਾ ਕਿ ਮੈਨਪਾਵਰ ਦੀ ਘਾਟ ਕਾਰਨ ਮੌਜੂਦਾ ਕਰਮਚਾਰੀਆਂ 'ਤੇ ਕੰਮ ਦਾ ਬੋਝ ਵਧ ਰਿਹਾ ਹੈ।

ਇੱਕ ਹੋਰ ਮਹੱਤਵਪੂਰਨ ਮੁੱਦੇ ਵੱਲ ਧਿਆਨ ਦਿਵਾਉਂਦੇ ਹੋਏ, ਭਰਤ ਰਾਜ ਨੇ ਕਿਹਾ ਕਿ ਕੁਝ ਕਰਮਚਾਰੀਆਂ ਨੂੰ ਰੇਲਵੇ ਭਰਤੀ ਸੈੱਲ (ਆਰਆਰਸੀ) ਤੋਂ 'ਸਹਾਇਕ ਵਰਕਸ਼ਾਪ' ਦੇ ਅਹੁਦੇ 'ਤੇ ਭਰਤੀ ਕੀਤਾ ਗਿਆ ਹੈ, ਪਰ ਉਨ੍ਹਾਂ ਨੂੰ ਵਰਕਸ਼ਾਪ ਵਿੱਚ ਨਿਯੁਕਤ ਕਰਨ ਦੀ ਬਜਾਏ, ਉਨ੍ਹਾਂ ਨੂੰ ਸਿਵਲ ਵਿਭਾਗ, ਹਸਪਤਾਲ ਅਤੇ ਦਫਤਰਾਂ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਸਾਰੇ ਕਰਮਚਾਰੀਆਂ ਨੂੰ ਜਲਦੀ ਤੋਂ ਜਲਦੀ ਉਨ੍ਹਾਂ ਦੇ ਅਸਲ ਅਹੁਦੇ, ਭਾਵ ਵਰਕਸ਼ਾਪ ਵਿੱਚ ਭੇਜਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਇਹ ਉਤਪਾਦਨ ਟੀਚੇ ਨੂੰ ਪੂਰਾ ਕਰਨ ਵਿੱਚ ਮਦਦ ਕਰ



ਸਕੇ।

ਯੂਨੀਅਨ ਦੇ ਜਨਰਲ ਸਕੱਤਰ ਨੇ ਇਸ ਮੌਕੇ ਕਿਹਾ ਕਿ ਇਹ ਪ੍ਰਦਰਸ਼ਨ ਸਿਰਫ਼ ਆਰਸੀਐਫ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇੱਕ ਦੇਸ਼ ਵਿਆਪੀ ਅੰਦੋਲਨ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ, ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਅਤੇ ਫਰੰਟ ਅਗੇਂਸਟ ਐਨਪੀਐਸ ਇਨ ਰੇਲਵੇ ਦੇ ਸੱਦੇ 'ਤੇ, ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਅੱਜ ਦੇਸ਼ ਭਰ ਦੇ ਹਰ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰੇਲਵੇ ਦੇ 16 ਜ਼ੋਨਾਂ ਦੇ ਹਰੇਕ ਡਿਵੀਜ਼ਨ ਵਿੱਚ ਇਸੇ ਤਰ੍ਹਾਂ ਦੇ ਅੰਦੋਲਨ ਚੱਲ ਰਹੇ ਹਨ। ਕਰਮਚਾਰੀ ਇਸ ਮੁੱਦੇ ਨੂੰ ਲੈ ਕੇ ਬਹੁਤ ਗੁੱਸੇ ਵਿੱਚ ਹਨ। ਜਨਰਲ ਸਕੱਤਰ ਨੇ 25 ਨਵੰਬਰ ਨੂੰ ਦਿੱਲੀ ਵਿੱਚ ਹੋਣ ਵਾਲੇ "ਪੁਰਾਣੀ ਪੈਨਸ਼ਨ ਬਹਿਲਾਈ ਮਹਾਰਲੀ ਰਾਸ਼ਟਰੀ ਅੰਦੋਲਨ" ਦਾ ਵੀ ਜ਼ਿਕਰ ਕੀਤਾ ਅਤੇ ਆਰਸੀਐਫ ਕਰਮਚਾਰੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਤਾਂ ਜੋ ਸਰਕਾਰ 'ਤੇ ਹੋਰ ਦਬਾਅ ਪਾਇਆ ਜਾ ਸਕੇ। ਵਿਸ਼ਵਾਸ ਪ੍ਰਗਟ ਕਰਦੇ ਹੋਏ ਉਨ੍ਹਾਂ ਕਿਹਾ, "ਸਰਕਾਰ ਪਹਿਲਾਂ ਹੀ ਦਬਾਅ ਹੇਠ ਹੈ ਅਤੇ ਐਨਪੀਐਸ ਨੂੰ ਬਦਲ ਕੇ ਯੂਪੀਐਸ ਲਾਗੂ ਕਰ ਦਿੱਤਾ ਹੈ। ਉਹ ਦਿਨ ਦੂਰ ਨਹੀਂ ਜਦੋਂ ਸਰਕਾਰ ਪੁਰਾਣੀ ਪੈਨਸ਼ਨ ਨੂੰ ਵੀ ਬਹਾਲ ਕਰੇਗੀ।" ਇਸ ਵਿਰੋਧ ਪ੍ਰਦਰਸ਼ਨ ਰਾਹੀਂ ਯੂਨੀਅਨ ਨੇ ਪ੍ਰਸ਼ਾਸਨ ਅਤੇ ਸਰਕਾਰ ਸਾਹਮਣੇ ਪੁਰਾਣੀ ਪੈਨਸ਼ਨ ਸਕੀਮ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਕੁਝ ਸਥਾਨਕ ਮੁੱਦੇ ਵੀ ਉਠਾਏ ਗਏ, ਜਿਨ੍ਹਾਂ ਵਿੱਚ ਆਰਸੀਐਫ ਵਿੱਚ ਠੇਕਾ ਪ੍ਰਣਾਲੀ ਨੂੰ ਖਤਮ ਕਰਨਾ, ਸੇਵਾਮੁਕਤ ਹੋ ਰਹੇ ਕਰਮਚਾਰੀਆਂ ਦੇ ਅਨੁਪਾਤ ਵਿੱਚ ਨਵੀਂ ਭਰਤੀ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨਾ, ਰੇਲਵੇ ਭਰਤੀ ਬੋਰਡ ਤੋਂ ਭਰਤੀ ਕੀਤੇ ਗਏ 'ਸਹਾਇਕ ਵਰਕਸ਼ਾਪ' ਦੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਅਸਲ ਕਾਰਜ ਸਥਾਨ 'ਤੇ ਭੇਜਣਾ, ਪ੍ਰਬੰਧਕੀ ਇਮਾਰਤ ਦੇ ਕਰਮਚਾਰੀਆਂ ਨੂੰ 5 ਦਿਨਾਂ ਦਾ ਕੰਮਕਾਜੀ ਦਿਨ ਬਣਾਉਣਾ, ਕਰਮਚਾਰੀਆਂ ਲਈ ਚੰਗੇ ਸੁਰੱਖਿਆ ਉਪਕਰਣਾਂ ਦਾ ਆਰਡਰ ਦੇਣਾ ਅਤੇ ਚੰਗੀ ਗੁਣਵੱਤਾ ਵਾਲੇ ਸੰਦ ਅਤੇ ਸਮੱਗਰੀ ਪ੍ਰਾਪਤ ਕਰਨਾ ਸ਼ਾਮਲ ਸੀ ਅਤੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਕਿਹਾ ਕਿ ਕਰਮਚਾਰੀ ਬਹੁਤ ਗੁੱਸੇ ਵਿੱਚ ਹਨ, ਇਸ ਲਈ ਇਨ੍ਹਾਂ ਮੁੱਦਿਆਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ, ਨਹੀਂ ਤਾਂ ਇਹ ਅੰਦੋਲਨ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਆਰਸੀਐਫ ਮੁਲਾਜ਼ਮ ਯੂਨੀਅਨ ਦੇ ਸਰਪ੍ਰਸਤ ਪਰਮਜੀਤ ਸਿੰਘ ਖਾਲਸਾ, ਆਰਸੀਐਫ ਮੁਲਾਜ਼ਮ ਯੂਨੀਅਨ ਦੇ ਚੇਅਰਮੈਨ ਦਰਸ਼ਨ ਲਾਲ, ਓਬੀਸੀ ਜਥੇਬੰਦੀ ਦੇ ਜ਼ੋਨਲ ਪ੍ਰਧਾਨ ਅਰਵਿੰਦ ਪ੍ਰਸਾਦ, ਐਸਸੀ ਐਂਡ ਐਸਟੀ ਐਸੋਸੀਏਸ਼ਨ ਦੇ ਜ਼ੋਨਲ ਪ੍ਰਧਾਨ ਜੀਤ ਸਿੰਘ, ਸੰਯੁਕਤ ਸਕੱਤਰ ਜਸਪਾਲ ਸਿੰਘ ਸ਼ੇਖੋਂ, ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਬਾਜਵਾ, ਕੈਸ਼ੀਅਰ ਹਰਵਿੰਦਰ ਪਾਲ, ਜਗਤਾਰ ਕੁਮਾਰ ਪ੍ਰੰਕੀ, ਅਮ੍ਰਿੰਤ ਕੁਮਾਰ ਵਧੀਕ ਸਕੱਤਰ, ਐੱਨ. ਤਲਵਿੰਦਰ ਸਿੰਘ, ਬਲਜਿੰਦਰ ਸਿੰਘ, ਗੁਰਵਿੰਦਰ ਸਿੰਘ, ਸਰਬਜੀਤ ਸਿੰਘ, ਅਵਤਾਰ ਸਿੰਘ, ਹਰਪ੍ਰੀਤ ਸਿੰਘ, ਸਾਕੇਤ ਕੁਮਾਰ, ਤ੍ਰਿਲੋਚਨ ਸਿੰਘ, ਅਰਵਿੰਦ ਕੁਮਾਰ ਸਾਹ, ਨਿਰਮਲ ਸਿੰਘ, ਸੰਜੀਵ ਕੁਮਾਰ, ਸੰਦੀਪ ਕੁਮਾਰ, ਜਗਦੀਪ ਸਿੰਘ, ਜਗਜੀਤ ਸਿੰਘ, ਰਘੁਵੀਰ ਸਿੰਘ, ਭਾਨ ਸਿੰਘ, ਰਾਜਿੰਦਰ ਕੁਮਾਰ, ਸ਼ਿਵਰਾਜ ਮੀਨਾ, ਮੱਖਣ ਸਿੰਘ, ਸਿਮਰਨ ਸਿੰਘ, ਸਿਮਰਨ ਚੰਦਰ, ਸ਼ਿਵਰਾਜ ਕੁਮਾਰ, ਸਿਮਰਨ ਸਿੰਘ, ਐਲ. ਅਨਿਲ ਕੁਮਾਰ, ਪੰਕਜ ਕੁਮਾਰ ਸਿੰਘ, ਜੈਪ੍ਰਕਾਸ਼ ਗੁਪਤਾ, ਵਰਿੰਦਰ ਸਿੰਘ, ਹਰਜਿੰਦਰ ਸਿੰਘ ਹੈਰੀ, ਗੁਰਜੀਤ ਕਲਸ਼ੀ ਆਦਿ ਹਾਜ਼ਰ ਸਨ।

## ਡਾਕ ਵਿਭਾਗ ਦੀਆਂ ਸੇਵਾਵਾਂ 2 ਅਗਸਤ ਨੂੰ ਰਹਿਣਗੀਆਂ ਬੰਦ

### 4 ਅਗਸਤ ਨੂੰ ਹੋਵੇਗੀ ਨਵੇਂ ਆਈ.ਟੀ. 2.0 ਐਪਲੀਕੇਸ਼ਨ ਦੀ ਸ਼ੁਰੂਆਤ

**ਕਪੂਰਥ.ਲਾ, (ਕੌੜਾ)–** ਡਾਕ ਵਿਭਾਗ ਵਲੋਂ ਨੈਕਸਟ ਜਨਰੇਸ਼ਨ ਏ.ਟੀ.ਪੀ ਐਪਲੀਕੇਸ਼ਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਤਹਿਤ ਇਸ ਡਿਜੀਟਲ ਪਲੇਟਫਾਰਮ ਵੱਲ ਸੁਚੱਜੀ ਅਤੇ ਸੁਰੱਖਿਅਤ ਤਬਦੀਲੀ ਲਈ 02 ਅਗਸਤ 2025 ਨੂੰ ਡਾਕ ਵਿਭਾਗ ਵਲੋਂ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਇਹ ਅਸਥਾਈ ਰੂਪ ਵਿੱਚ ਸੇਵਾਵਾਂ ਨੂੰ ਰੋਕਣ ਦੀ ਕਾਰਵਾਈ ਡਾਟਾ ਮਾਈਗ੍ਰੇਸ਼ਨ, ਸਿਸਟਮ ਵੈਰੀਫਿਕੇਸ਼ਨ ਅਤੇ ਕਨਫਿਗਰੇਸ਼ਨ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ, ਤਾਂ ਜੋ ਨਵਾਂ ਸਿਸਟਮ ਸਫਲਤਾਪੂਰਵਕ ਅਤੇ ਸੁਚੱਜੀ ਤਰ੍ਹਾਂ ਲਾਗੂ ਕੀਤਾ ਜਾ ਸਕੇ। ਇਹ ਨਵਾਂ ਸਿਸਟਮ ਕਪੂਰਥਲਾ ਡਿਵੀਜ਼ਨ ਦੇ ਸਾਰੇ ਡਾਕ ਘਰਾਂ ਵਿੱਚ 04 ਅਗਸਤ 2025 ਨੂੰ ਲਾਗੂ ਕੀਤਾ ਜਾਵੇਗਾ।

## ਜਿਲ੍ਹਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਨੇ ਬੁਲਾਈ ਪਿੰਡਾਂ ਦੇ ਮੇਟਾ ਦੀ ਮੀਟਿੰਗ

**ਫਰੀਦਕੋਟ।** ਸ਼ਹੀਦ ਕਾਮਰੇਡ ਅਮੋਲਕ ਭਵਨ ਫਰੀਦਕੋਟ ਵਿਖੇ ਨਰੇਗਾ ਰੋਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇ ਆਣਾ ਜੀ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਸੱਦੀ ਗਈ ਮੀਟਿੰਗ ਵਿੱਚ ਜ਼ਿਲਾਂ ਭਰ ਦੇ ਮੇਟਾ ਨੇ ਵਿਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਲਵਾਈ ਅਤੇ ਪ੍ਰਧਾਨ ਵੀਰ ਸਿੰਘ ਜੀ ਵੱਲੋਂ ਉਹਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜੋ ਕਿ 25 ਜੁਲਾਈ ਨੂੰ ਰੋਸ ਰੈਲੀ ਵਿੱਚ ਵੱਖ-ਵੱਖ ਪਿੰਡਾਂ ਤੋਂ ਭਾਰੀ ਇਕੱਠ ਲੈ ਕੇ ਸਾਮਲ ਹੋਏ ਲ ਮੀਟਿੰਗ ਵਿੱਚ ਬੈਠਿਆ ਹੀ ਕਾਮਰੇਡ ਵੀਰ ਸਿੰਘ ਨੇ ਏਡੀਸੀ ਸਾਹਿਬ ਨਾਲ ਫੋਨ ਤੇ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਕਿਹਾ ਜੇਕਰ ਸਾਡੇ ਨਰੇਗਾ ਮਜ਼ਦੂਰਾਂ ਦੀ ਪੇਮੈਂਟ ਖਾਤਿਆਂ ਵਿੱਚ ਨਹੀਂ ਪਈ ਤਾਂ ਅਗਲਾ ਧਰਨਾ ਸਾਡਾ ਤੁਹਾਡੇ ਦਫਤਰ ਵਿਖੇ ਲੱਗੇਗਾ



ਇਸ ਗੱਲ ਤੋਂ ਪ੍ਰਭਾਵਿਤ ਹੋ ਕੇ ਏਡੀਸੀ ਸਾਹਿਬ ਵੱਲੋਂ ਨਰੇਗਾ ਮਜ਼ਦੂਰਾਂ ਮੇਟਾਂ ਦੇ ਤਿੰਨ ਤੋਂ ਚਾਰ ਮਸਟੋਲਾ ਦੀਆਂ ਪੇਮੈਂਟਾਂ ਖਾਤਿਆਂ ਵਿੱਚ ਪੈ ਗਈਆਂ ਹਨ ਸੋ ਅਸੀਂ ਡੀਸੀ ਸਾਹਿਬ ਅਤੇ ਏਡੀਸੀ ਸਾਹਿਬ ਦਾ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਰਹਿੰਦੀਆਂ ਪੇਮੈਂਟਾਂ ਖਾਤਿਆਂ ਵਿੱਚ ਪੌਣ ਦੀ ਬੇਨਤੀ ਵੀ ਕਰਦੇ ਹਾਂ ਅਤੇ ਨਰੇਗਾ ਮਜ਼ਦੂਰਾਂ ਨੂੰ ਕੰਮ ਦੇਣ ਦੀ ਵੀ ਬੇਨਤੀ ਕੀਤੀ ਗਈ ਉਹਨਾਂ ਨੇ ਲਾਸਟ ਤੇ ਇਹ ਵੀ ਕਿਹਾ ਕਿ ਜੇਕਰ ਨਰੇਗਾ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਗਿਆ ਤਾਂ ਅਸੀਂ ਆਉਣ ਵੇਲੇ ਸਮੇਂ ਦੇ ਵਿੱਚ ਤਿੱਖਾ ਸੰਘਰਸ਼ ਕਰਾਂਗੇ ਭਰਾਤਰੀ ਜਥੇਬੰਦੀਆਂ ਸੰਯੋਗ ਨਾਲ ਅਤੇ ਜੇ ਸਾਨੂੰ ਭੁੱਖ ਹੜਤਾਲਾਂ ਤੇ ਬੈਠਣਾ ਪਿਆ ਉਹ ਵੀ ਬੈਠਾਂਗੇ ਸਾਡੇ ਨਰੇਗਾ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਕਿਉਂਕਿ ਅਸੀਂ ਨਰੇਗਾ ਮਜ਼ਦੂਰਾਂ ਦੇ ਹਰ ਸਮੇਂ ਸਾਡੀ ਜਥੇਬੰਦੀ ਅੰਗ ਸੰਗ ਹੈ ਅਤੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਦੇ ਵਿੱਚ ਭਾਰੀ ਇਕੱਠ ਕਰਕੇ ਸੰਘਰਸ਼ ਨੂੰ ਹੋਰ ਤਿੱਖਾ ਕਰਾਂਗੇ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਅਤੇ ਬਲਕਾਰ ਸਿੰਘ ਸਹੋਤਾ , ਪੱਤਰਕਾਰ ਸ਼ਿਵਨਾਥ ਦਰਦੀ ਜੀ ਅਤੇ ਸਮੂਹ ਮੇਟ ਅਤੇ ਲੇਬਰ ਦਾ ਧੰਨਵਾਦ ਕਰਦੇ ਹਾਂ ।ਹਾਜ਼ਰ ਸਾਥੀ ਮੇਟ ਲਵਪ੍ਰੀਤ ਕੌਰ ਪਿਪਲੀ, ਗੁਰਵਿੰਦਰ ਕੌਰ ਪਿਪਲੀ, ਅੰਜੂ ਕੌਰ ਰਾਜੋਵਾਲ, ਮਨਪ੍ਰੀਤ ਕੌਰ ਢੈਪੀ, ਦਰਸ਼ਨ ਸਿੰਘ ਪੱਕਾ ,ਪਰਮਜੀਤ ਕੌਰ ਨਾਨਕਸਰ ਬਸਤੀ ,ਹਰਦੇਵ ਸਿੰਘ ਦਾਨਾ ਰਮਾਣਾ, ਸੁਨੀਤਾ ਰਾਣੀ ਮਿੱਡੂ ਮਾਨ ,ਕਮਲਜੀਤ ਕੌਰ ਮਲੂਕਾਪਤੀ ਗੋਲੇਵਾਲ, ਗੁਰਮੀਤ ਕੌਰ ਝਾੜੀਵਾਲ ,ਜਗਸੀਰ ਸਿੰਘ ਝੋਟੀ ਵਾਲਾ, ਕਰਮਜੀਤ ਕੌਰ ਗੋਲੇਵਾਲ ,ਵੀਰ ਸਿੰਘ ਕੋਠੇ ਗੁਜਰ ਸਿੰਘ ਵਾਲੇ, ਹਰਪ੍ਰੀਤ ਕੌਰ ਚਹਿਲ, ਅਮਨਦੀਪ ਕੌਰ ਗੋਬਿੰਦ ਬਸਤੀ ਆਦੀ ਹਾਜ਼ਰ ਹੋਏ।

# ਨੌਜਵਾਨਾਂ ਨੂੰ ਬੇਲੋੜੇ ਖਰਚਿਆਂ ਤੋਂ ਬਚਣਾ ਚਾਹੀਦਾ ਹੈ ਅਤੇ ਆਮਦਨ ਸ਼ੁਰੂ ਹੁੰਦੇ ਹੀ ਬੱਚਤ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ : ਪਰਮਜੀਤ ਸਚਦੇਵਾ

## ਲਾਇਲਪੁਰ ਖਾਲਸਾ ਕਾਲਜ ਟੈਕਨੀਕਲ ਕੈਂਪਸ ਵਿਖੇ ਮਿਉਚੁਅਲ ਫੰਡਾਂ 'ਤੇ ਸੈਮੀਨਾਰ!

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਨੌਜਵਾਨ ਪੀੜ੍ਹੀ ਨੂੰ ਨੌਕਰੀ ਮਿਲਦੇ ਹੀ ਬੱਚਤ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਸਮੇਂ ਵਿੱਚ ਮਿਉਚੁਅਲ ਫੰਡਾਂ ਨਾਲ ਹਰ ਕਿਸੇ ਦਾ ਭਵਿੱਖ ਸੁਰੱਖਿਅਤ ਹੈ, ਇਹ ਗੱਲ ਸੱਚਦੇਵਾ ਸਟਾਕਸ ਦੇ ਐਮਡੀ ਪਰਮਜੀਤ ਸਿੰਘ ਸਚਦੇਵਾ ਨੇ ਲਾਇਲਪੁਰ ਖਾਲਸਾ ਕਾਲਜ ਟੈਕਨੀਕਲ ਕੈਂਪਸ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਜਦੋਂ ਨੌਜਵਾਨ ਨੌਕਰੀ ਪ੍ਰਾਪਤ ਕਰਦੇ ਹਨ, ਤਾਂ ਸ਼ੁਰੂ ਵਿੱਚ ਉਨ੍ਹਾਂ ਵਿੱਚੋਂ ਜ਼ਿਆਦਾਤਰ ਬੱਚਤ ਵੱਲ ਧਿਆਨ ਨਹੀਂ ਦਿੰਦੇ ਅਤੇ ਆਪਣੇ ਖਰਚੇ ਵਧਾ ਦਿੰਦੇ ਹਨ। ਕੁਝ ਸਾਲਾਂ ਬਾਅਦ ਜਦੋਂ ਉਹ ਬੱਚਤ ਵੱਲ ਧਿਆਨ ਦੇਣਾ ਸ਼ੁਰੂ ਕਰਦੇ ਹਨ, ਉਦੋਂ ਤੱਕ ਵਿਆਹ ਅਤੇ ਬੱਚਿਆਂ ਕਾਰਨ ਜ਼ਿੰਦਗੀ ਬਦਲ ਚੁੱਕੀ ਹੁੰਦੀ ਹੈ ਅਤੇ ਇਸ ਸਮੇਂ ਜ਼ਿਆਦਾ ਬੱਚਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਸ ਲਈ ਅਸੀਂ ਨੌਜਵਾਨਾਂ ਨੂੰ ਇਹ ਸੰਦੇਸ਼ ਦਿੰਦੇ ਹਾਂ ਕਿ ਖਰਚੇ ਵਧਣ ਤੋਂ ਪਹਿਲਾਂ, ਉਨ੍ਹਾਂ ਨੂੰ ਮਿਉਚੁਅਲ ਫੰਡਾਂ ਵਿੱਚ ਨਿਵੇਸ਼ ਕਰਕੇ ਜਿੰਨੀ ਹੋ ਸਕੇ ਬੱਚਤ ਕਰਨੀ ਚਾਹੀਦੀ ਹੈ ਕਿਉਂਕਿ ਜਦੋਂ ਤੁਹਾਡੇ ਖਰਚੇ ਵਧਦੇ ਹਨ, ਤਾਂ ਇਸ ਫੰਡ ਤੋਂ ਹੋਣ ਵਾਲੀ ਆਮਦਨ ਤੁਹਾਡੀ ਜ਼ਿੰਦਗੀ ਨੂੰ ਆਸਾਨ ਬਣਾਉਂਦੀ ਰਹੇਗੀ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੁਹਾਡੀ ਆਮਦਨ ਸ਼ੁਰੂ ਹੁੰਦੀ ਹੈ, ਤਾਂ ਜ਼ਿਆਦਾਤਰ



ਨੌਜਵਾਨ ਆਪਣਾ ਪੈਸਾ ਮੋਟਰਸਾਈਕਲ, ਨਵੀਆਂ ਕਾਰਾਂ, ਮਹਿੰਗੇ ਫੋਨ ਖਰੀਦਣ 'ਤੇ ਖਰਚ ਕਰਦੇ ਹਨ ਜਦੋਂ ਕਿ ਇਹ ਕੀਤਾ ਜਾਣਾ ਚਾਹੀਦਾ ਹੈ ਕਿ ਤੁਸੀਂ ਜੋ ਵੀ ਆਮਦਨ ਸ਼ੁਰੂ ਕੀਤੀ ਹੈ, ਉਸਦਾ ਕੁਝ ਹਿੱਸਾ ਮਿਉਚੁਅਲ ਫੰਡਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ ਅਤੇ ਫਿਰ ਕੁਝ ਸਾਲਾਂ ਬਾਅਦ ਜਦੋਂ ਤੁਹਾਡੇ ਮਿਉਚੁਅਲ ਫੰਡ ਤੁਹਾਡੇ ਲਈ ਆਮਦਨ ਪੈਦਾ ਕਰਨਾ ਸ਼ੁਰੂ ਕਰ ਦੇਣ, ਤਾਂ ਤੁਹਾਨੂੰ ਖਰਚ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। ਪਰਮਜੀਤ ਸਚਦੇਵਾ ਨੇ ਕਿਹਾ ਕਿ ਹਰ ਨੌਜਵਾਨ ਆਪਣੇ ਸ਼ੌਕ ਪੂਰੇ ਕਰਨਾ ਚਾਹੁੰਦਾ ਹੈ ਅਤੇ ਉਸਨੂੰ ਅਜਿਹਾ ਕਰਨਾ ਚਾਹੀਦਾ ਹੈ ਪਰ ਇਸ ਲਈ ਪਹਿਲਾਂ ਬਾਜ਼ਾਰ ਤੋਂ ਆਮਦਨ ਪੈਦਾ ਕਰਨੀ ਚਾਹੀਦੀ ਹੈ ਜੋ ਮਿਉਚੁਅਲ ਫੰਡਾਂ ਰਾਹੀਂ ਸੰਭਵ ਹੈ। ਇਸ ਮੌਕੇ ਸੁਖਬੀਰ ਸਿੰਘ ਚੱਠਾ, ਡਾਇਰੈਕਟਰ ਅਕਾਦਮਿਕ ਮਾਮਲੇ ਕੇਸੀਐਲ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਡਾ. ਆਰ.ਐਸ. ਦਿਓਲ ਡਾਇਰੈਕਟਰ, ਡਾ. ਇੰਦਰਪਾਲ ਸਿੰਘ ਡੀਨ ਰਿਸਰਚ, ਕੁਨਾਲ ਵਰਮਾ ਸਹਾਇਕ ਡਾਇਰੈਕਟਰ, ਡਾ. ਤਰੁਣਜੀਤ ਸਿੰਘ, ਰਿਲੇਸ਼ਨ ਮੈਨੇਜਰ ਅਮਨਦੀਪ ਕੌਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।

# ਸ਼ਹੀਦਾਂ ਦੇ ਦਿਹਾੜੇ ਮਨਾਉਣਾ ਯੁਵਾ ਪੀੜ੍ਹੀ ਆਪਣਾ ਪਹਿਲਾ ਫਰਜ਼ ਸਮਝੇ - ਕਲੱਬ ਪ੍ਰਧਾਨ ਲਾਇਨ ਦਿਨਕਰ ਸੰਧੂ

**ਜੋ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚਿੱਤ ਚੇਤੇ ਨਹੀਂ ਰੱਖਦੇ ਉਹ ਦੇਸ਼ ਦੇ ਸੱਚੇ ਨਾਗਰਿਕ ਨਹੀਂ - ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ**

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਦੇਸ਼ ਦੀ ਅਣਖ ਦੀ ਖਾਤਿਰ ਸਿਰਫ 41 ਸਾਲ ਦੀ ਉਮਰ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਗਾਉਣ ਵਾਲੇ ਕ੍ਰਾਂਤੀਕਾਰੀ ਸ਼ਹੀਦ-ਏ-ਆਜ਼ਮ ਸ੍ਰ. ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਨਵ-ਨਿਯੁਕਤ ਅਤੇ ਨੌਜਵਾਨ ਪ੍ਰਧਾਨ ਲਾਇਨ ਦਿਨਕਰ ਸੰਧੂ ਨੇ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਚੂਹੇਕੀ ਵਿਖੇ ਪੈਟਰੋਲ ਪੰਪ 'ਤੇ ਬੜੇ ਸ਼ਰਧਾ ਭਾਵ ਨਾਲ ਮਨਾਇਆ। ਲਾਇਨ ਦਿਨਕਰ ਸੰਧੂ ਨੇ ਕਿਹਾ ਜੇਕਰ ਅਸੀਂ ਕਿਸੇ ਵੀ ਇੱਕ ਸ਼ਹੀਦ ਦੀ ਗਾਥਾ ਮਨ ਚਿੱਤ ਨਾਲ ਪੜ੍ਹ ਸੁਣ ਲਈਏ ਤਾਂ ਅਸੀਂ ਮਨ ਅਤੇ ਸੋਚ ਪੱਖੋਂ ਦੇਸ਼ ਦੇ ਸੱਚੇ ਭਗਤ ਬਣ ਸਕਦੇ ਹਾਂ। ਯੂਬਾ ਪੀੜ੍ਹੀ ਨੂੰ ਆਪਣਾ ਧਿਆਨ ਲਾਸਾਨੀ ਸ਼ਹਾਦਤਾਂ ਵਾਲੇ ਸ਼ਹੀਦਾਂ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਹੀ ਸਮਾਜਿਕ-



**ਕਲੱਬ ਪ੍ਰਧਾਨ ਲਾਇਨ ਦਿਨਕਰ ਸੰਧੂ, ਸੈਕਟਰੀ ਜਸਪ੍ਰੀਤ ਕੌਰ ਸੰਧੂ ਦੀ ਅਗਵਾਈ ਵਿੱਚ ਸ਼ਹੀਦ-ਏ-ਆਜ਼ਮ ਸ੍ਰ. ਊਧਮ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਦੀ ਤਸਵੀਰ।**

ਰਾਜਨੀਤਕ ਬੁਰਾਈਆਂ ਦਾ ਅੰਤ ਸੰਭਵ ਹੈ। ਸ਼ਹੀਦ ਊਧਮ ਸਿੰਘ ਜੀ ਨੇ ਆਪਣੀ ਸੋਚ ਨੂੰ ਦੇਸ਼ ਸੇਵਾ ਵਿੱਚ ਲਗਾਇਆ ਨਤੀਜਨ ਵਿਦੇਸ਼ ਦੀ ਧਰਤੀ 'ਤੇ ਜਾ ਕੇ ਦੁਸ਼ਮਣ ਦੀ ਹਿੱਕ ਵਿੱਚ ਗੋਲੀ ਮਾਰ ਕੇ 1919 ਵਿੱਚ ਹੋਏ ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ 13 ਮਾਰਚ 1940 ਨੂੰ ਲਿਆ। ਗੁਲਾਮੀ 'ਚ ਜਕੜੇ ਹੋਏ ਹਿੰਦੁਸਤਾਨ ਨੂੰ ਗੋਰਿਆਂ ਤੋਂ ਆਜ਼ਾਦ ਕਰਵਾਇਆ।

ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਅਤੇ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ, ਲਾਇਨ ਬਬਿਤਾ ਸੰਧੂ (ਟਰੈਜ਼ਰਰ), ਲਾਇਨ ਜਸਪ੍ਰੀਤ ਕੌਰ ਸੰਧੂ (ਸੈਕ੍ਰੇਟਰੀ) ਨੇ ਕਿਹਾ ਜੋ ਲੋਕ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚਿੱਤ ਚੇਤੇ ਨਹੀਂ ਰੱਖਦੇ ਉਹ ਦੇਸ਼ ਦੇ ਸੱਚੇ ਨਾਗਰਿਕ ਨਹੀਂ ਹੋ ਸਕਦੇ। ਇਹ ਉਹ ਲੋਕ ਹੁੰਦੇ ਹਨ ਜੋ ਕਾਲੇ ਅੰਗਰੇਜ਼ ਬਣਕੇ ਦੇਸ਼ ਵਿੱਚ ਭਰਿਸ਼ਟਾਚਾਰ, ਅਰਾਜਕਤਾ, ਬਲਾਤਕਾਰ, ਦੰਗੇ ਫਸਾਦ, ਨਸ਼ੀਲੇ ਪਦਾਰਥ ਆਦਿ ਦੇ ਦਲਾਲ ਬਣਕੇ ਵੱਖ-ਵੱਖ ਅਹੁਦਿਆਂ 'ਤੇ ਬੈਠਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮਜ਼ਾਕ ਪੂਰੀ ਦੁਨੀਆ ਵਿੱਚ ਉਡਾਉਂਦੇ ਹਨ। ਨੌਜਵਾਨ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਨ ਮੌਕੇ ਲਾਇਨ ਸੀਤਾ ਰਾਮ ਸੋਖਲ, ਸੁਰਜੀਤ ਸਿੰਘ, ਸ਼੍ਰੀਮਤੀ ਸਰਬਜੀਤ ਕੌਰ, ਗਨੀ ਰਾਮੇਵਾਲ, ਲਵਪ੍ਰੀਤ ਰਾਜੋਵਾਲ ਸਮੇਤ ਕਲੱਬ ਦੇ ਸਮੂਹ ਅਫ਼ਸਰਾਂ ਨੇ ਜਿੱਥੇ ਸ਼ਰਧਾ ਭਾਵ ਨਾਲ ਦੀਪ ਬੱਤੀ ਜਗਾਕੇ, ਫੁੱਲਾਂ ਦੀ ਬਰਸਾਤ ਕੀਤੀ ਉੱਥੇ ਨੰਨ੍ਹੇ ਮੁੰਨੇ ਬੱਚਿਆਂ ਗੁਰਅੰਸ਼ ਸੋਖਲ, ਸ਼ਿਵਵੰਸ਼ ਸੰਧੂ ਅਤੇ ਚਿੰਟੂ ਨੇ ਸ਼ਰਧਾ ਸੁਮਨ ਭੇਂਟ ਕਰ ਆਪਣੇ ਅੰਦਰ ਦੇਸ਼ ਭਗਤੀ ਦੀ ਅਲਖ ਜਗਾਈ। ਕਲੱਬ ਪ੍ਰਧਾਨ (2023-24) ਲਾਇਨ ਸੋਮਿਨਾਂ ਸੰਧੂ, ਚੇਅਰਮੈਨ ਲਾਇਨ ਯੋਗੇਸ਼ ਗੁਪਤਾ ਐਡਵੋਕੇਟ, ਅਡਵਾਈਜ਼ਰ ਸ਼੍ਰੀਮਤੀ ਵਿਸ਼ੂ ਗੁਪਤਾ ਅਤੇ ਕਲੱਬ ਦੇ ਪੀ.ਆਰ.ਓ ਲਾਇਨ ਰਣਜੀਤ ਸਿੰਘ ਨੇ ਫੋਨ ਰਾਹੀਂ ਜੈ ਹਿੰਦ, ਭਾਰਤ ਮਾਤਾ ਦੀ ਜੈ ਦੀ ਜੈ-ਘੋਸ਼ ਕਰਕੇ ਦੇਸ਼ ਦੇ ਮਹਿਬੂਬ ਸ਼ਹੀਦ ਪ੍ਰਤੀ ਆਪਣਾ ਸਨੇਹ ਪ੍ਰਗਟ ਕੀਤਾ।

# ਨਿਗਰਾਨ ਅਮਲੇ ਵੱਲੋਂ ਸ੍ਰੀ ਸਾਹਿਬ ਅਤੇ ਕੜ੍ਹੇ ਕਾਰਨ ਪ੍ਰੀਖਿਆ ਵਿੱਚ ਬੈਠਣ ਤੋ ਮਨ੍ਹਾ ਕਰਨਾ ਸਿੱਖਾਂ ਦੇ ਕਕਾਰਾਂ ਤੇ ਹਮਲਾ : ਬਰਿੰਦਰ ਸਿੰਘ ਪਰਮਾਰ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਅੰਮ੍ਰਿਤਧਾਰੀ ਸਿੱਖ ਬੀਬੀ ਗੁਰਪ੍ਰੀਤ ਕੌਰ ਨੂੰ ਜੈਪੁਰ ਵਿਖੇ ਸਿਵਲ ਜੱਜ ਦੇ ਇਮਤਿਹਾਨ ਵਿੱਚ ਨਿਗਰਾਨ ਅਮਲੇ ਵੱਲੋਂ ਕਿਰਪਾਨ ਅਤੇ ਕੜੇ ਕਾਰਨ ਨਾ ਬਿਠਾਏ ਜਾਣ ਦੀ ਕਾਰਵਾਈ ਨੂੰ ਬਰਿੰਦਰ ਸਿੰਘ ਪਰਮਾਰ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ( ਬਾਦਲ ) ਨੇ ਸਿੱਖਾਂ ਦੇ ਕਕਾਰਾਂ ਤੇ ਹਮਲਾ ਦੱਸਿਆ ਹੈ। ਉਹਨਾਂ ਕਿਹਾ ਕਿ ਤਰਨ-ਤਾਰਨ ਦੀ ਰਹਿਣ ਵਾਲੀ ਇਸ ਬੀਬੀ ਨੇ ਸਖ਼ਤ ਮਿਹਨਤ ਕਰਕੇ ਇਮਤਿਹਾਨ ਦੀ ਤਿਆਰੀ ਕੀਤੀ ਸੀ ਪਰ ਉਸਦੀ ਸਾਰੀ ਉਮੀਦ ਤੇ ਪਾਣੀ ਫਿਰ ਗਿਆ। ਇਹ ਪਹਿਲੀ ਵਾਰ ਨਹੀਂ ਹੋਇਆ ਹੈ ਇਸ ਤੋਂ ਪਹਿਲਾਂ ਵੀ ਕਈ ਸਿੱਖ ਬੱਚੇ ਧਰਮ ਦੇ ਅਧਾਰ ਤੇ ਵਿਤਕਰੇ ਦਾ ਸ਼ਿਕਾਰ ਹੋਏ ਹਨ ਪਰ ਦੁੱਖ ਦੀ ਗੱਲ ਸੂਬਾ ਅਤੇ ਕੇਂਦਰ ਸਰਕਾਰਾਂ



ਇਸ ਪੱਖਪਾਤੀ ਰਵੱਈਏ ਪ੍ਰਤੀ ਕੋਈ ਵੀ ਐਕਸ਼ਨ ਕਥਿਤ ਦੋਸ਼ੀਆਂ ਖਿਲਾਫ ਨਹੀਂ ਲੈਂਦੀਆਂ ਉਹਨਾਂ ਕਿਹਾ ਕਿ ਸਿੱਖ ਬੱਚਿਆਂ ਨੂੰ ਮਾਨਸਿਕ ਗੁਲਾਮੀ ਦਾ ਅੈਹਸਾਸ ਕਰਵਾਉਣ ਪਿੱਛੇ ਫ਼ਿਰਕਾਪ੍ਰਸਤ ਲੋਕਾਂ ਦੀ ਸਾਜਿਸ਼ ਨੂੰ ਨਕਾਰਿਆ ਨਹੀਂ ਜਾ ਸਕਦਾ। ਉਹਨਾਂ ਪੰਜਾਬ ਤੋਂ ਬਾਹਰ ਬੈਠੇ ਸਿੱਖਾਂ ਨੂੰ ਕਿਹਾ ਕਿ ਉਹ ਸਿੱਖ ਬੱਚਿਆਂ ਦੇ ਹੱਕ ਵਿੱਚ ਅਵਾਜ਼ ਉਠਾਉਣ ਤੇ ਭਵਿੱਖ ਵਿੱਚ ਪੰਜਾਬ ਤੋਂ ਬਾਹਰ ਸਿੱਖ ਬੱਚਿਆਂ ਨਾਲ ਹੋ ਰਹੇ ਵਿਤਕਰੇ ਨੂੰ ਰੋਕਣ।

# ਮਾਮਲਾ ਸਿਵਲ ਜੱਜ ਪ੍ਰੀਖਿਆ 'ਚ ਸਿੱਖ ਉਮੀਦਵਾਰਾਂ ਨੂੰ ਕਕਾਰਾਂ ਸਮੇਤ ਨਾ ਬੈਠਣ ਦੇਣ ਦਾ

**•ਸਿੱਖ ਧਰਮ ਪ੍ਰਚਾਰ ਕਮੇਟੀ ਰਾਜਸਥਾਨ ਦੇ ਪ੍ਰਧਾਨ ਤੇਜਿੰਦਰਪਾਲ ਸਿੰਘ ਟਿੰਮਾ ਦੀ ਅਗਵਾਈ 'ਚ 13 ਮੈਂਬਰੀ ਕਮੇਟੀ ਸਕੱਤਰੇਤ ਪਹੁੰਚੀ •ਰਾਜਸਥਾਨ 'ਚ ਪਵਿੱਤਰ ਜਨੇਊ ਉਤਾਰਨ ਦੀ ਘਟਨਾ ਵਾਂਗ, ਸਿੱਖ ਬੱਚਿਆਂ ਦੀ ਕਿਰਪਾਨ ਉਤਾਰਨ ਵਾਲੇ ਦੋਸ਼ੀਆਂ ਨੂੰ ਵੀ ਦਿੱਤੀ ਜਾਵੇਗੀ ਮਿਸਾਲੀ ਸਜ਼ਾ!•ਰਾਜਸਥਾਨ ਦੇ ਗ੍ਰਹਿ ਰਾਜ ਮੰਤਰੀ ਨੇ ਸਿੱਖ ਜਥੇਬੰਦੀਆਂ ਨਾਲ ਕੀਤਾ ਵਾਅਦਾ**





ਹੁਸ਼ਿਆਰਪੁਰ / ਜੈਪੁਰ 1 ਅਗਸਤ (ਤਰਸੇਮ ਦੀਵਾਨਾ ) ਸਿਵਲ ਜੱਜ ਪ੍ਰੀਖਿਆ ਵਿੱਚ ਸਿੱਖ ਉਮੀਦਵਾਰਾਂ ਨੂੰ ਸਿੱਖ ਧਾਰਮਿਕ ਚਿੰਨ੍ਹਾਂ ਸਮੇਤ ਨਾ ਬੈਠਣ ਦੇਣ ਦੇ ਵਿਰੋਧ ਵਿੱਚ ਸਿੱਖ ਜਥੇਬੰਦੀਆਂ ਸਿੱਖ ਧਰਮ ਪ੍ਰਚਾਰ ਕਮੇਟੀ ਰਾਜਸਥਾਨ ਦੇ ਪ੍ਰਧਾਨ ਤੇਜਿੰਦਰਪਾਲ ਸਿੰਘ ਟਿੰਮਾ ਦੀ ਅਗਵਾਈ 'ਚ ਜੈਪੁਰ ਵਿੱਚ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ। ਸਿੱਖਾਂ ਦਾ ਗੁੱਸਾ ਇਸ ਗੱਲ 'ਤੇ ਜ਼ਿਆਦਾ ਸੀ ਕਿ ਦੇਸ਼ ਵਿੱਚ ਸਿੱਖਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਮੰਨਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਸੇ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ। ਸਿੱਖ ਸੰਗਤ ਗੁਰਦੁਆਰਾ ਰਾਜਾ ਪਾਰਕ ਵਿੱਚ ਇਕੱਠੀ ਹੋਈ ਅਤੇ ਸਮੂਹਿਕ ਤੌਰ 'ਤੇ ਫੈਸਲਾ ਕੀਤਾ ਗਿਆ ਕਿ ਜੇਕਰ ਸਰਕਾਰ ਸਿੱਖਾਂ ਦੀ ਗੱਲ ਨਹੀਂ ਸੁਣਦੀ ਤਾਂ ਸਿੱਖ ਸੰਗਤ ਰਾਤ 9:00 ਵਜੇ ਰਾਜਸਥਾਨ ਦੇ ਮੁੱਖ ਮੰਤਰੀ ਭਵਨ ਪਹੁੰਚੇਗੀ। ਇਸ ਲਈ ਸਿੱਖ ਸੰਗਤਾਂ ਨੇ ਲੰਗਰ ਅਤੇ ਪਾਣੀ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨੂੰ ਦੇਖਦੇ ਹੋਏ ਸਰਕਾਰੀ ਅਧਿਕਾਰੀ ਤੁਰੰਤ ਹਰਕਤ ਵਿੱਚ ਆਏ ਅਤੇ ਸਰਕਾਰ ਨੇ ਵਫ਼ਦ ਨੂੰ ਰਾਤ 8:00 ਵਜੇ ਸਕੱਤਰੇਤ ਬੁਲਾਇਆ। ਵਫ਼ਦ ਦੀ ਅਗਵਾਈ ਕਰਦਿਆਂ, ਸਿੱਖ ਧਰਮ ਪ੍ਰਚਾਰ ਕਮੇਟੀ ਰਾਜਸਥਾਨ ਦੇ ਪ੍ਰਧਾਨ ਤੇਜਿੰਦਰਪਾਲ ਸਿੰਘ ਟਿੰਮਾ ਦੀ ਅਗਵਾਈ ਵਾਲੀ 13 ਮੈਂਬਰੀ ਕਮੇਟੀ ਸਕੱਤਰੇਤ ਪਹੁੰਚੀ। ਉੱਥੇ ਗ੍ਰਹਿ ਰਾਜ ਮੰਤਰੀ ਜਵਾਹਰ ਸਿੰਘ ਮੈਧਾਮ ਨਾਲ ਗੱਲਬਾਤ ਕੀਤੀ ਗਈ। ਇੱਕ ਘੰਟੇ ਦੀ ਗੱਲਬਾਤ ਵਿੱਚ ਵਫ਼ਦ ਨੇ ਸਿੱਖਾਂ 'ਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਆਪਣਾ ਗੁੱਸਾ ਪ੍ਰਗਟ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਅਧੀਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਵਿਦੇਸ਼ੀ ਕੈਦੀਆਂ ਲਈ ਵੀ ਕਾਨੂੰਨ ਦੀ ਪਾਲਣਾ ਕੀਤੀ ਜਾਂਦੀ ਹੈ, ਪਰ ਸਰਕਾਰ 32-32 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਬਾਰੇ ਕੋਈ ਫੈਸਲਾ ਨਹੀਂ ਲੈ ਰਹੀ ਹੈ ਅਤੇ ਸਰਕਾਰ ਜਾਣਬੁੱਝ ਕੇ ਇਸ ਮਾਮਲੇ ਵਿੱਚ ਦੇਰੀ ਕਰ ਰਹੀ ਹੈ। ਜੇਕਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਾਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਪੂਰੀ ਕਰਨ ਤੋਂ ਤੁਰੰਤ ਬਾਅਦ ਰਿਹਾਅ ਕਰ ਦਿੱਤਾ ਜਾਂਦਾ ਹੈ, ਤਾਂ ਇੱਕ ਜ਼ਾਲਮ ਮੁੱਖ ਮੰਤਰੀ ਨੂੰ ਮਾਰਨ ਵਾਲੇ ਸਿੱਖ ਕੈਦੀਆਂ ਨੂੰ ਦੁੱਗਣੀ ਸਜ਼ਾ ਭੁਗਤਣ ਦੇ ਬਾਵਜੂਦ ਅੱਜ ਤੱਕ ਜੇਲ੍ਹਾਂ ਵਿੱਚ ਰੱਖਿਆ ਜਾਂਦਾ ਹੈ। ਬਾਲ ਦਿਵਸ ਬਾਰੇ ਬੋਲਦਿਆਂ ਤੇਜਿੰਦਰਪਾਲ ਸਿੰਘ ਟਿੰਮਾ ਨੇ ਕਿਹਾ ਕਿ ਬਾਲ ਦਿਵਸ ਸ਼ਬਦ ਸਿੱਖਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ। ਇਹੀ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਿੱਚ ਪਹਿਲਾਂ ਹੀ ਸਰਕਾਰ ਨੂੰ ਦੱਸੀ ਜਾ ਚੁੱਕੀ ਹੈ ਕਿ ਬਾਲ ਦਿਵਸ ਸ਼ਬਦ ਦੀ ਵਰਤੋਂ ਕਰਨ ਦੀ ਬਜਾਏ ਸਾਹਿ-ਬਜ਼ਾਦਾ ਸ਼ਹੀਦੀ ਦਿਵਸ ਮਨਾਇਆ ਜਾਵੇ।ਟਿੰਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਧਾਰਮਿਕ ਫੈਸਲੇ ਲੈਣ ਦਾ ਅਧਿਕਾਰ ਸਿਰਫ਼ ਸਿੱਖ ਭਾਈਚਾਰੇ ਨੂੰ ਹੈ। ਉਦਾਹਰਣ ਵਜੋਂ, ਸਿੱਖ ਭਾਈਚਾਰਾ ਅਯੁੱਧਿਆ ਵਿੱਚ ਕੋਈ ਵੀ ਫੈਸਲਾ ਲੈਣ ਦੇ ਸਮਰੱਥ ਨਹੀਂ ਹੈ। ਸਿੱਖ ਭਾਈਚਾਰੇ ਨੂੰ ਕਿਸੇ ਵੀ ਹਿੰਦੂ ਮੰਦਰ ਦੀ ਸਜਾਵਟ ਅਤੇ ਪਰੰਪਰਾਵਾਂ ਬਾਰੇ ਫੈਸਲਾ ਲੈਣ ਦਾ ਕੋਈ ਅਧਿਕਾਰ ਨਹੀਂ ਹੈ। ਸਿੱਖ ਉੱਥੇ ਆਪਣਾ ਸਤਿਕਾਰ ਭੇਟ ਕਰ ਸਕਦੇ ਹਨ। ਪਰ ਭਾਜਪਾ ਸਰਕਾਰ ਸਿੱਖਾਂ ਦੀਆਂ ਧਾਰਮਿਕ ਗਤੀਵਿਧੀਆਂ ਵਿੱਚ ਲਗਾਤਾਰ ਦਖਲਅੰਦਾਜ਼ੀ ਕਰ ਰਹੀ ਹੈ, ਜਿਸ ਕਾਰਨ ਸਿੱਖ ਭਾਈਚਾਰੇ ਵਿੱਚ ਗੁੱਸਾ ਹੈ।ਵਫ਼ਦ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਈ ਵਾਰ ਰਾਜਸਥਾਨ ਵਿੱਚ ਲੋਕ ਸਭਾ ਚੋਣਾਂ ਵਿੱਚ ਤੁਗਲਕ ਫ਼ਰਮਾਨ ਜਾਰੀ ਕੀਤੇ ਜਾਂਦੇ ਹਨ ਕਿ ਸਿੱਖ ਕਿਰਪਾਨ ਪਾ ਕੇ ਵੋਟ ਨਹੀਂ ਪਾ ਸਕਦੇ, ਕਈ ਵਾਰ ਭਾਜਪਾ ਦੇ ਮੰਚ 'ਤੇ ਗੁਰਦੁਆਰਿਆਂ ਨੂੰ ਸੋਰ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਦੀ ਤਬਾਹੀ ਬਾਰੇ ਗੱਲਾਂ ਕੀਤੀਆਂ ਜਾਂਦੀਆਂ ਹਨ, ਕਈ ਵਾਰ ਸਿੱਖ ਬੱਚਿਆਂ ਨੂੰ ਉਨ੍ਹਾਂ ਦਾ 'ਕਕਾਰ' ਉਤਾਰਨ ਦੇ ਬਹਾਨੇ ਪ੍ਰੀਖਿਆ ਵਿੱਚ ਰੋਕਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਭਵਿੱਖ ਨਾਲ ਛੇੜਛਾੜ ਕੀਤੀ ਜਾਂਦੀ ਹੈ। ਇਸੇ ਕਰਕੇ ਸਿੱਖਾਂ ਅਤੇ ਭਾਜਪਾ ਵਿਚਕਾਰ ਦੂਰੀ ਲਗਾਤਾਰ ਵਧ ਰਹੀ ਹੈ। ਕਿਉਂਕਿ ਭਾਜਪਾ ਸਿੱਖਾਂ ਨੂੰ ਨਫ਼ਰਤੀ ਢੰਗ ਨਾਲ ਪੇਸ਼ ਕਰਦੀ ਹੈ। ਵਫ਼ਦ ਨੇ ਕਿਹਾ ਕਿ ਜਦੋਂ ਡੂੰਗਰਗੜ੍ਹ ਵਿੱਚ ਪ੍ਰੀਖਿਆ ਦੌਰਾਨ ਹਿੰਦੂ ਬੱਚਿਆਂ ਦਾ ਪਵਿੱਤਰ ਜਨੇਊ ਉਤਾਰਿਆ ਗਿਆ ਸੀ, ਤਾਂ ਸਰਕਾਰ ਤੁਰੰਤ ਦੋਸ਼ੀਆਂ ਵਿਰੁੱਧ ਕਾਰਵਾਈ ਕਰ ਸਕਦੀ ਹੈ, ਫਿਰ ਕਿਰਪਾਨ ਉਤਾਰਨ ਵਾਲਿਆਂ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ ਜਾ ਸਕਦੀ। ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ, ਗ੍ਰਹਿ ਰਾਜ ਮੰਤਰੀ ਨੇ ਵਫ਼ਦ ਨੂੰ ਵਾਅਦਾ ਕੀਤਾ ਕਿ ਜਿਸ ਤਰ੍ਹਾਂ ਪਵਿੱਤਰ ਜਨੇਊ ਉਤਾਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ, ਉਸੇ ਤਰ੍ਹਾਂ ਕਿਰਪਾਨ ਤੇ ਹੋਰ ਧਾਰਮਿਕ ਚਿੰਨ੍ਹ ਸਮੇਟ ਕਕਾਰ ਉਤਾਰਨ ਵਾਲਿਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ ਅਤੇ ਆਰਪੀਐਸਸੀ, ਸੀਬੀਐਸਈ ਵਰਗੇ ਸਾਰੇ ਸਿੱਖਿਆ ਬੋਰਡਾਂ ਨੂੰ ਹਦਾਇਤ ਕੀਤੀ ਜਾਵੇਗੀ ਕਿ ਹਰ ਪ੍ਰੀਖਿਆ ਦੇ ਨਤੀਜੇ ਤੋਂ ਪਹਿਲਾਂ, ਦਾਖਲਾ ਪੱਤਰ ਵਿੱਚ ਇਹ ਜ਼ਿਕਰ ਕੀਤਾ ਜਾਵੇਗਾ ਕਿ ਸਿੱਖ ਬੱਚੇ ਆਪਣੇ ਧਾਰਮਿਕ ਚਿੰਨ੍ਹ ਪਹਿਨ ਕੇ ਪ੍ਰੀਖਿਆ ਵਿੱਚ ਬੈਠ ਸਕਦੇ ਹਨ। ਲੜਕੀ ਦੀ ਦੁਬਾਰਾ ਪ੍ਰੀਖਿਆ ਬਾਰੇ ਗ੍ਰਹਿ ਰਾਜ ਮੰਤਰੀ ਨੇ ਕਿਹਾ ਕਿ ਸਿਰਫ਼ ਹਾਈ ਕੋਰਟ ਹੀ ਅਜਿਹਾ ਕਰਨ ਦੇ ਸਮਰੱਥ ਹੈ ਅਤੇ ਸਰਕਾਰ ਇਸ ਮਾਮਲੇ 'ਤੇ ਆਪਣੇ ਤੌਰ 'ਤੇ ਗੱਲਬਾਤ ਕਰੇਗੀ। ਸਿੱਖ ਸੰਗਠਨਾਂ ਨੇ ਵੀ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਪ੍ਰੀਖਿਆ ਦੇ ਨਤੀਜੇ ਰੋਕੇ ਜਾਣ ਅਤੇ ਇਨ੍ਹਾਂ ਬੱਚਿਆਂ ਦੇ ਮੁੱਦੇ 'ਤੇ ਫੈਸਲਾ ਆਉਣ ਤੱਕ ਨਤੀਜੇ ਐਲਾਨ ਨਾ ਕੀਤੇ ਜਾਣ। ਇੱਕ ਘੰਟੇ ਦੀ ਗੱਲਬਾਤ ਤੋਂ ਬਾਅਦ, ਸਿੱਖ ਸੰਗਠਨਾਂ ਨੇ ਆਪਣਾ ਧਰਨਾ ਪ੍ਰੋਗਰਾਮ ਰੱਦ ਕਰ ਦਿੱਤਾ ਅਤੇ ਸਮੂਹਿਕ ਤੌਰ 'ਤੇ ਫੈਸਲਾ ਕੀਤਾ ਕਿ ਅਸੀਂ 7 ਦਿਨ ਇੰਤਜ਼ਾਰ ਕਰਾਂਗੇ, ਉਸ ਤੋਂ ਬਾਅਦ ਸਿੱਖ ਸੰਗਤ ਦੁਬਾਰਾ ਗੁਰਦੁਆਰਾ ਰਾਜਾ ਪਾਰਕ ਵਿਖੇ ਇਕੱਠੀ ਹੋਵੇਗੀ ਅਤੇ ਆਪਣੇ ਅੰਤ ਤੱਕ ਸਾਰੇ ਵਿਕਾਸ ਦੀ ਨਿਗਰਾਨੀ ਕਰੇਗੀ ਅਤੇ ਅਗਲੀ ਯੋਜਨਾ ਤੈਅ ਕਰੇਗੀ। ਵਫ਼ਦ ਵਿੱਚ ਤੇਜਿੰਦਰ ਪਾਲ ਸਿੰਘ ਟਿੰਮਾ, ਬੀਬੀ ਹਰਮੀਤ ਕੌਰ ਗੋਲੂਵਾਲਾ, ਸ਼ਿਵਚਰਨ ਸਿੰਘ ਬੁਗਲੀਆਂਵਾਲੀ, ਬਾਬਾ ਗਗਨਦੀਪ ਸਿੰਘ, ਸੰਦੀਪ ਸਿੰਘ ਕਿਸਾਨ ਸੰਘ, ਹਰਦੀਪ ਸਿੰਘ ਸੰਗਾਰੀਆ, ਜਰਨੈਲ ਸਿੰਘ ਸ਼੍ਰੋਮਣੀ ਕਮੇਟੀ, ਅੰਗਰੇਜ ਸਿੰਘ, ਅਮਰਜੀਤ ਸਿੰਘ ਸ਼ੈਰੀ, ਅਮਰਵੀਰ ਸਿੰਘ ਸ਼ਾਂਤੀ, ਮਨਮੋਹਨ ਸਿੰਘ, ਹਰਦੀਪ ਸਿੰਘ ਚਾਹਲ, ਮਨਿੰਦਰ ਸਿੰਘ ਸਾਕੇਤ, ਜਗਜੀਤ ਸਿੰਘ, ਸਿਮਰਨ ਸਿੰਘ, ਸੁਬੇਗ ਸਿੰਘ ਰਾਵਲਾ ਸ਼ਾਮਲ ਸਨ।

## ਸਾਨੂੰ ਆਪਣੇ ਘਰਾਂ ਵਿੱਚ ਵੀ ਸਜਾਵਟੀ ਅਤੇ ਫਲਦਾਰ ਬੂਟੇ ਜਰੂਰ ਲਗਾਉਣੇ ਚਾਹੀਦੇ ਹਨ : ਸੰਤ ਕੁਲਵੰਤ ਰਾਮ ਭਰੋਮਜ਼ਾਰਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ ਦੇ ਮੌਜੂਦਾ ਗੱਦੀ ਨਸ਼ੀਨ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਰਜਿ.ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਪੱਤਰਕ-ਾਰਾ ਗੱਲਬਾਤ ਕਰਦਿਆਂ ਆਖਿਆ ਕਿ ਮਨੁੱਖ ਨੂੰ ਜ਼ਿੰਦਗੀ ਜਿਊਣ ਲਈ ਆਕਸੀਜਨ ਦੀ ਲੋੜ ਹੈ ਜਿਸ ਦੀ ਪੂਰਤੀ ਉਹ ਰੁੱਖ ਹੀ ਕਰ ਸਕਦੇ ਹਨ । ਇਸ ਤੋਂ ਇਲਾਵਾ ਰੁੱਖ ਮਨੁੱਖ ਦੀਆਂ ਅਨੇਕਾਂ ਲੋੜਾਂ ਦੀ ਪੂਰਤੀ ਵਿੱਚ ਸਹਾਈ ਹੁੰਦੇ ਹਨ। ਉਹਨਾਂ ਨੇ ਬੂਟੇ ਲਗਾਉਣ ਦੀ ਮਹੱਤਤਾ ਵਾਰੇ ਦੱਸਦਿਆਂ ਕਿਹਾ ਕਿ ਲਾਵੋ ਰੁੱਖ ਪਾਵੋ ਸੁੱਖ ਅਨੁਸਾਰ ਜੇ ਜਿਊਂਦੇ ਰਹਿਣਾ ਹੈ ਤਾਂ ਸਾਨੂੰ ਰੁੱਖ ਲਗਾਉਣੇ ਬਹੁਤ ਜ਼ਰੂਰੀ ਹਨ ਅਤੇ ਵਾਤਾਵਰਨ ਦੀ ਸੁੱਧਤਾ ਲਈ ਤੇ ਪਾਣੀ ਦੇ ਬਚਾਓ ਖਾਤਰ ਖਾਲੀ ਪਈਆਂ ਥਾਵਾਂ ਤੇ ਆਪਣੇ ਆਲੇ ਦੁਆਲੇ ਰੁੱਖ ਲਗਾਓ ਅਤੇ ਸਾਂਭ ਸੰਭਾਲ ਕਰਨ ਦਾ ਪ੍ਰਣ ਕਰੋ, ਕਿਓਂਕਿ ਇਕੱਲੇ ਰੁੱਖ ਲਗਾਉਣਾ ਹੀ ਸਾਡਾ ਮਕਸਦ ਨਹੀਂ ਹੋਣਾ ਚਾਹੀਦਾ, ਸਗੋਂ ਉਹਨਾਂ ਦੀ ਸਾਂਭ ਸੰਭਾਲ ਅਤੇ ਪਾਲਣ ਪੋਸਣ ਵੀ ਅਤਿ ਜਰੂਰੀ ਹੈ। ਉਹਨਾਂ ਆਖਿਆ ਕਿ ਸਾਨੂੰ ਆਪਣੇ ਘਰਾਂ ਵਿੱਚ ਵੀ ਸਜਾਵਟੀ ਅਤੇ ਫਲਦਾਰ ਬੂਟੇ ਲਗਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਧਰਤੀ ਤੇ ਨਿਰੰਤਰ ਵੱਧ ਰਹੇ ਤਾਪਮਾਨ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਹੀ



ਕੰਟਰੋਲ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਅਗਰ ਆਉਣ ਵਾਲੀਆ ਪੀੜੀਆਂ ਨੂੰ ਬਚਾਉਣਾ ਹੈ ਤਾਂ ਹਰ ਮਨੁੱਖ ਨੂੰ ਬੂਟੇ ਜਰੂਰ ਲਗਾਉਣੇ ਚਾਹੀਦੇ ਹਨ। ਉਹਨਾਂ ਅੱਗੇ ਆਖਿਆ ਕਿ ਬੂਟੇ ਲਗਾਉਣ ਦੇ ਨਾਲ ਨਾਲ ਇਹਨਾਂ ਦਾ ਪਾਲਣ ਪੋਸ਼ਣ ਅਤੇ ਸਹੀ ਸੰਭਾਲ ਨੂੰ ਵੀ ਯਕੀਨੀ ਬਣਾਉਣਾ ਅਤੀ ਜਰੂਰੀ ਹੈ। ਅਖੀਰ ਵਿੱਚ ਉਹਨਾਂ ਆਖਿਆ ਕਿ ਆਓ ਸਾਰੇ ਮਿਲ ਕੇ ਵੱਧ ਤੋਂ ਵੱਧ ਬੂਟੇ ਲਾ ਕੇ ਪੰਜਾਬ ਅਤੇ ਦੇਸ਼ ਨੂੰ ਹਰਾ ਭਰਾ ਬਣਾਈਏ। ਕਿਉਂਕਿ ਸਾਨੂੰ ਇੱਕ ਚੰਗੇ ਨਾਗਰਿਕ ਹੋਣ ਦੇ ਨਾਤੇ ਸਾਡਾ ਫਰਜ ਬਣਦਾ ਹੈ ਕਿ ਅਸੀਂ ਆਪਣੇ ਵਾਤਾਵਰਨ ਨੂੰ ਸਾਫ ਸੁਥਰਾ ਅਤੇ ਹਰਾ ਭਰਾ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਈਏ।

## ਦਿਆਲਪੁਰ ਵਿੱਚ ਬੂਟੇ ਲਗਾ ਕੇ ਮਨਾਇਆ ਸ਼ਹੀਦ ਊਧਮ ਸਿੰਘ ਜੀ ਦਾ ਸਹੀਦੀ ਦਿਹਾੜਾ

**ਫਿਲੌਰ/ਅੱਪਰਾ (ਦੀਪਾ)**-ਨਜ਼ਦੀਕ ਪਿੰਡ ਦਿਆਲਪੁਰ ਵਿਖ਼ੇ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਛਾਂਦਾਰ ਤੇ ਫਲਦਾਰ ਰੁੱਖ ਲਗਾਏ। ਇਸ ਮੌਕੇ ਸਰਪੰਚ ਗੁਰਵਿੰਦਰ ਰਾਮ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਲੱਗਦਾ ਹੈ ਕਿ ਜੇਕਰ ਰੁੱਖ ਇਸੇ ਤਰ੍ਹਾਂ ਕੱਟੇ ਜਾਂਦੇ ਰਹੇ ਅਤੇ ਨਵੇਂ ਰੁੱਖ ਨਾ ਲਗਾਏ ਗਏ ਤਾਂ ਭਵਿੱਖ ਵਿੱਚ ਮੀਂਹ ਨਹੀਂ ਪਵੇਗਾ ਅਤੇ ਪੂਰੀ



ਧਰਤੀ ਬੰਜਰ ਹੋ ਜਾਵੇਗੀ ਇਸ ਲਈ ਰੁੱਖਾਂ ਨੂੰ ਕੱਟਣ ਦੇ ਨਾਲ-ਨਾਲ,ਰੁੱਖ ਲਗਾਉਣਾ ਵੀ ਜ਼ਰੂਰੀ ਹੈ, ਇੰਨਾ ਹੀ ਨਹੀਂ ਰੁੱਖ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਰੱਖਿਆ ਕਰਨਾ ਵੀ ਸਾਡਾ ਫਰਜ਼ ਹੈ ੜ ਇਸ ਮੌਕੇ ਸਰਪੰਚ ਗੁਰਵਿੰਦਰ ਰਾਮ, ਪੰਚ ਸਤਪਾਲ, ਗੁਰਵਿੰਦਰ ਪੰਜਾਬ ਪੁਲਿਸ, ਪੰਚ ਦਵਿੰਦਰ ਰਾਮ, ਭਾਗ ਮੱਲ, ਸਰੂਪ ਲਾਲ, ਕਰਨ, ਲਾਡੀ ਆਦਿ ਹਾਜ਼ਰ ਸਨ।

## ਮਾਡਰਨ ਆਗੂ

ਅਸੀਂ ਊਧਮ ਸਿੰਘ ਨੂੰ ਸਾਲ 'ਚ ,
ਦੋ ਕੁ ਦਿਨ ਹੀ ਯਾਦ ਹਾਂ ਕਰਦੇ ।
ਜਨਮ ਸ਼ਹੀਦੀ ਵਾਲ਼ੇ ਦਿਨ ਹੀ ,
ਬੁੱਤਾਂ ਨੂੰ ਹਾਰਾਂ ਨਾਲ਼ ਹਾਂ ਭਰਦੇ ।
ਹੋਰ ਦਿਨਾਂ ਵਿੱਚ ਉਸ ਦਾ ਸਾਨੂੰ ,
ਚਿੱਤ ਚੇਤਾ ਵੀ ਨਈਂ ਆਉਂਦਾ ;
ਜੋ ਉਹਦੀ ਸੋਚ ਦੀ ਗੱਲ ਕਰੇ ,
ਉਹ ਤੋਂ ਸਦਾ ਰਹਿੰਦੇ ਹਾਂ ਡਰਦੇ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਸਾਉਣ ਮਹੀਨਾ

ਆਖਿਰ ਸਾਉਣ
ਮਹੀਨਾ ਆਇਆ
ਡਾਢੇ ਰੱਬ ਨੇ
ਮੀਂਹ ਵਰਸਾਇਆ
ਕਿਨ ਮਿਣ ਕਾਣੀ
ਬੜੀ ਹੀ ਫੱਬੇ
ਮੋਰ ਵੀ ਵੇਖੋ
ਪੈਲਾਂ ਪਾਉਂਦੇ
ਚਹੀਕੇ ਬੁਲਬੁਲ
ਪੰਛੀ ਗੀਤ ਸੁਣਾਉਂਦੇ
ਸੋਹਣੇ ਲੱਗਣ
ਮਨ ਨੂੰ ਭਾਉਂਦੇ
ਅੱਤ ਦੀ ਗਰਮੀ
ਦੇ ਦੂਰ ਝਮੇਲੇ
ਵਿੱਚ ਤ੍ਰਿਵਣਾਂ
ਲਗਣ ਮੇਲੇ
ਗਿੱਧੇ ਪੀਂਘਾਂ
ਪਾਵਣ ਕੁੜੀਆਂ
ਰਲ ਮਿਲ ਸੌਣ
ਮਨਾਵਣ ਕੁੜੀਆਂ
ਵਾਰੋ ਵਾਰੀ ਪੀਂਘਾ
ਝੂਟਣ ਕੁੜੀਆਂ ਵੇਖ਼
ਰੌਣਕਾਂ ਬੱਲੀ
ਡਾਢਾ ਜੁੜੀਆਂ



**... ਬੱਲੀ**

## "ਸ਼ਹੀਦ ਊਧਮ ਸਿੰਘ ਜੀ"

ਊਧਮ ਸਿਆਂ ਤੇਰੇ ਊਧਮਾਂ ਕਰਕੇ ਦੁਨੀਆਂ ਊਧਮੀ ਹੋਈ,
ਤੇਰੇ ਪਿੱਛੋਂ, ਤੇਰੇ ਵਾਰਸਾਂ ਦੀ, ਕੋਈ ਨਾ ਲੈਂਦਾ ਢੋਈ।

ਬੁੱਤ ਤੇਰੇ ਤੇ ਪਾਵਣ ਮਾਲਾ,ਆਖਣ ਜੈ-ਜੈ ਹੋਈ,
ਸਾਲ ਪੂਰਾ,ਫਿਰ ਕੋਈ ਨਾ ਪਰਤੇ,ਕੋਈ ਨਾ ਲੈਂਦਾਂ ਢੋਈ।

ਸ਼ਹਿਰ ਤੇਰੇ ਵਿੱਚ ਗਾਥਾ ਤੇਰੀ,ਜਾਣੇ ਕੋਈ-ਕੋਈ,
ਆਪਣਿਆਂ ਵਿੱਚ, ਬੇਗਾਨਿਆਂ ਵਰਗੀ, ਨਾਲ਼ ਤੇਰੇ ਹੈ ਹੋਈ।

ਸਭ, ਉਪਰੋਂ ਤੈਨੂੰ ਕਰਨ ਸਲਾਮਾਂ, ਦਿਲੋਂ ਨਾ ਪੂਜੇ ਕੋਈ,
ਵਾਰਸ ਤੇਰੇ, ਕਰਨ ਦਿਹਾੜੀ, ਵੇਖ! ਕੈਸੀ ਹਾਲਤ ਹੋਈ।

ਯਾਦਗਾਰੀ ਥਾਂਵਾਂ,ਤੇਰੇ,ਗਿੱਠ-ਗਿੱਠ ਘਾਹ ਹੈ ਹੋਈ,
ਅਫਸਰ, ਲੀਡਰ,ਇਹ ਥਾਂਵਾਂ ਦੀ, ਕਦਰ ਨਾ ਕਰਦਾ ਕੋਈ।

ਯਾਦ ਤੇਰੀ ਵਿੱਚ ਛੁੱਟੀ ਹੋ ਗਈ, ਦੁਨੀਆਂ ਹੈ ਖੁਸ਼ ਹੋਈ,
ਸਾਰੇ ਆਪਣੇ ਕੰਮੀ ਰੁਝੇ, ਨਾ ਚੇਤੇ ਕਰਦਾ, ਕੋਈ।

ਪੁੱਛੋ ਕੋਈ ਲੰਦਨੋ ਜਾ ਕੇ, ਭੁੱਲਿਆ ਹੈ, ਭਲਾਂ ਕੋਈ,
ਵਿੱਚ ਗੋਰਿਆਂ ਦੇ ਅੱਜ ਤੱਕ ਹੈ,ਪਈ ਊਧਮ-ਊਧਮ ਹੋਈ।

ਤੇਰੇ, ਜਜ਼ਬੇ ਤੇ ਕੁਰਬਾਨੀ, ਵਰਗਾ, ਜੋਸ਼ ਨਾ ਕੋਈ,
ਹਿੰਮਤ ਤੇਰੀ ਚਰਚਾ ਸਾਰੀ, ਦੁਨੀਆਂ ਦੇ ਵਿੱਚ ਹੋਈ।

ਜਿਸ ਨੇ ਤੈਨੂੰ ਪੜ੍ਹਿਆ ਜਾਣਿਆ,ਹੋਰ ਨਾ ਜਾਣੇ ਕੋਈ,
ਤੇਰੀ ਨੇਕ ਕੁਰਬਾਨੀ, ਬਾਰੇ ਉਹੀ ਬੋਲੇ,ਵਿਰਲਾ ਟਾਵਾਂ ਕੋਈ।

ਨੇਤਾ ਜੀ ਨੂੰ ਪੁਛੀਏ ਜੇਕਰ, ਗੱਲ ਨਾ ਆਉਣੀ ਕੋਈ,
ਬੁੱਤ ਦੇ ਅੱਗੇ ਹੋਣ ਫੋਟੋਆਂ,ਇਹੋ ਵਾਹ- ਵਾਹ ਹੋਈ।

ਇਹੋ ਸਾਲਾਂ ਤੋਂ ਤੁਰਿਆ ਆਉਂਦਾ,ਹੋਰ ਬਦਲਾਵ ਨਾ ਕੋਈ,
ਉਹੀ ਤੇਰਾ ਘਰ ਤੇ ਦਰ ਹੈ,ਬੁੱਤ ਵੀ, ਉੱਥੇ-ਓਹੀ।

ਆਓ ਊਧਮ ਜਿਹੇ ਯੋਧਿਆਂ ਦੀ, ਹੁਣ ਆਪਾ ਲਈਏ ਢੋਈ,
ਸੰਦੀਪ ਅਣਗਹਿਲੀ ਸਾਡੀ ਕਰਕੇ,ਇਹ ਹਾਲਤ ਹੈ ਹੋਈ,



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:- 98153 21017**

## ਸ਼ਹੀਦੀ ਚੁਟਕਲਾ

ਹਾਕਮ ਅੱਜ ਫਿਰ
ਇੱਕ ਨਵਾਂ ਚੁਟਕਲਾ ਬਣਾਉਣਗੇ।
ਦਰਸ਼ਕਾਂ ਦਾ ਜਮਾਵੜਾ
'ਕੱਠਾ ਕਰਨ ਲਈ
ਰੰਗਾ-ਰੰਗ ਪ੍ਰੋਗਰਾਮ ਵੀ ਚਲਾਉਣਗੇ।
ਫਾਂਸੀ ਦੇ ਰੱਸੇ ਨੂੰ
ਫੁੱਲਾਂ ਵਿੱਚ ਲਪੇਟ ਕੇ,
'ਸ਼ਹੀਦ' ਨੂੰ
ਫਿਰ ਤੋਂ 'ਸ਼ਹੀਦ' ਕਰਾਉਣਗੇ।
...ਤੇ ਦਰਸ਼ਕ?
ਦਰਸ਼ਕ ਤਾੜੀਆਂ ਮਾਰਕੇ
ਜੱਲਾਦਾਂ ਨੂੰ ਸਲਾਹੁਣਗੇ।
ਤੇ ਵਾਰਿਸ
ਹਾਕਮਾਂ ਦੇ ਚੁਟਕਲੇ ਦਾ
ਮੂੰਹ ਤੋੜਨ ਦੀ ਬਜਾਏ
ਆਪੋ ਵਿੱਚ
'ਰਾਹ' ਦੇ ਸਿੰਗ ਫਸਾਉਣਗੇ।
ਇੰਝ ਮਨਾਏ ਜਾਣਗੇ
ਸ਼ਹੀਦ ਦੇ ਸ਼ਹੀਦੀ ਦਿਹਾੜੇ
ਇੱਕ
ਹਾਕਮਾਂ ਦੇ ਫਾਂਸੀ ਦੇ ਤਖ਼ਤੇ ਤੋਂ
ਦੂਜਾ
ਵਾਰਿਸ ਕਹਾਉਂਦੇ
ਰਹਿਬਰਾਂ ਦੇ 'ਰਾਹ' ਤੋਂ।



**ਧਰਮਿੰਦਰ ਸਾਥੀ।**



# ਲੈਂਡ ਪੂਲਿਗ ਪਾਲਸੀ ਵਿਰੁੱਧ ਬੀਕੇਯੂ ਪੰਜਾਬ ਦੀ ਜਲੰਧਰ ਇਕਾਈ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ

**● ਸੈਂਕੜੇ ਕਿਸਾਨ ਆਗੂ, ਟਰੈਕਟਰਾਂ, ਮੋਟਰਸਾਈਕਲ, ਕਾਰਾ ਸਮੇਤ ਮਾਰਚ ਵਿਚ ਹੋਏ ਸ਼ਾਮਿਲ ● ਕਿਸਾਨ ਮਾਰੂ ਪਾਲਸੀ ਨੂੰ ਤੁਰੰਤ ਵਾਪਸ ਲਵੇ ਪੰਜਾਬ ਸਰਕਾਰ : ਲਖਵੀਰ ਸਿੰਘ ਗੋਬਿੰਦਪੁਰ**

**ਜਲੰਧਰ (ਪੱਤਰ ਪ੍ਰੇਰਕ)–** ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਉਂਦਿਆਂ ਬੀਕੇਯੂ ਪੰਜਾਬ ਦੀ ਜ਼ਿਲ੍ਹਾ ਇਕਾਈ ਵੱਲੋਂ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੀਆਂ ਹਦਾਇਤਾਂ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਦੀ ਕਾਲ ਤੇ ਲੈਂਡ ਪੂਲਿਗ ਪਾਲਸੀ ਵਿਰੁੱਧ ਵਿਸ਼ਾਲ ਟਰੈਕਟਰ ਮਾਰਚ ਕਰਦਿਆਂ ਪਿੰਡ ਬਾਗੀ ਵਾਲ ਤੋਂ ਲੈ ਕੇ ਸ਼ੂਗਰ ਮਿੱਲ ਨਕੋਦਰ ਤੱਕ ਰੋਸ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਦੀ ਅਗਵਾਈ ਹੇਠ ਪਿੰਡ ਬਾਗੀ ਵਾਲ ਵਿਖੇ ਇਲਾਕੇ ਦੇ ਕਿਸਾਨ ਸੈਂਕੜੇ ਟਰੈਕਟਰਾ ਤੇ ਯੂਨੀਅਨ ਦੇ ਝੰਡੇ ਲਗਾ ਸਮੇਤ ਸਵੇਰ ਤੋਂ ਇਕੱਤਰ ਹੋ ਗਏ ਸਨ। ਜੂਝਾਰੂ ਯੋਧਿਆਂ ਦਾ ਹੱਕ ਦੀ ਲੜਾਈ ਲਈ ਨਿਤਿਆ ਤਕਰੀਬਨ 10 ਕਿਲੋਮੀਟਰ ਲੰਮਾ ਇਹ ਕਾਫ਼ਲਾ ਪੂਰੀ ਸ਼ਾਨੋ ਸ਼ੌਕਤ ਨਾਲ ਪਿੰਡ ਬਾਗੀ ਵਾਲ ਤੋਂ ਮਹਿਤਪੁਰ ਵੱਲ ਵਾਇਆ ਲੋਹਗੜ੍ਹ ਰਵਾਨਾ ਹੋਇਆ। ਅਤੇ ਲੈਂਡ ਪੂਲਿਗ ਪਾਲਸੀ ਦਾ ਜਬਰਦਸਤ ਵਿਰੋਧ ਕਰਦੀਆਂ ਤਕਰੀਰਾਂ ਨਾਲ ਬੀਕੇਯੂ ਪੰਜਾਬ ਦੇ ਆਗੂਆਂ ਨੇ ਸਰਕਾਰ ਨੂੰ ਮੂੰਹ ਤੋੜ ਜਵਾਬ ਦਿੱਤਾ। ਸ਼ੂਗਰ ਮਿੱਲ ਨਕੋਦਰ ਅੰਤਿਮ ਪੜਾਅ ਤੇ ਪੁੱਜ ਕੇ ਪ੍ਰੈਸ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਨਰਿੰਦਰ ਸਿੰਘ ਕੌਰ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਤਹਿਸੀਲ ਪ੍ਰਧਾਨ ਗੁਰਦੀਪ ਸਿੰਘ, ਤਹਿਸੀਲ ਪ੍ਰਧਾਨ ਨੂਰਮਹਿਲ ਮਹਿੰਦਰ ਪਾਲ ਸਿੰਘ, ਤਜਿੰਦਰਪਾਲ ਸਿੰਘ ਸਿੱਧੂ ਅਤੇ ਸੂਬਾ ਪ੍ਰੈੱਸ ਸਕੱਤਰ ਹਰਜਿੰਦਰ ਚੰਦੀ ਵੱਲੋਂ ਪੰਜਾਬ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿਗ ਪਾਲਸੀ ਦਾ ਵਿਰੋਧ ਕਰਦਿਆਂ ਆਖਿਆ ਕਿ ਇਹ ਪਾਲਸੀ ਕਿਸਾਨ ਮਾਰੂ ਹੈ ਅਸੀਂ ਇਸ ਦਾ ਪੂਰਜੋਰ ਵਿਰੋਧ ਕਰਦੇ ਹਾਂ। ਪੰਜਾਬ ਸਰਕਾਰ ਇਸ ਪਾਲਸੀ ਨੂੰ ਆਪਣੇ ਚਹੇਤਿਆਂ ਦੀਆਂ ਜ਼ਮੀਨਾਂ ਵਿਚ ਲਾਗੂ ਕਰੇ ਆਮ ਲੋਕਾਂ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਹਰ ਹਾਲਤ ਵਿੱਚ ਪੰਜਾਬ ਸਰਕਾਰ ਨੂੰ ਇਹ ਪਾਲਸੀ ਵਾਪਸ ਲੈਣੀ ਪਵੇਗੀ। ਇਸ ਨੂੰ ਤੁਰੰਤ ਰੱਦ ਕੀਤਾ ਜਾਵੇ। ਇਸ ਤਰ੍ਹਾਂ ਪੂਰੇ ਅਨੁਸ਼ਾਸਨ ਦੀ ਪਾਲਣਾ ਕਰਦੇ ਹੋਏ ਸ਼ਾਂਤਮਈ ਢੰਗ ਨਾਲ ਇਹ ਰੋਸ ਮਾਰਚ ਸਮਾਪਤ ਕੀਤਾ ਗਿਆ। ਕਿਸਾਨ ਆਗੂਆਂ ਨੇ ਆਖਿਆ ਸਮਾਪਤੀ ਅੱਜ ਦੇ ਟਰੈਕਟਰ ਮਾਰਚ ਦੀ ਹੈ ਸੰਘਰਸ਼ ਦੀ ਨਹੀ ਸੰਘਰਸ਼ ਜਿੱਤ ਦੇ ਜਸ਼ਨ ਤੱਕ ਜਾਰੀ ਰਹੇਗਾ। ਇਸ ਮੌਕੇ ਨਰਿੰਦਰ ਸਿੰਘ ਬਾਜਵਾ ਕੌਰ ਕਮੇਟੀ ਮੈਂਬਰ ਪੰਜਾਬ, ਲਖਵੀਰ ਸਿੰਘ ਗੋਬਿੰਦਪੁਰ ਜ਼ਿਲਾਂ ਪ੍ਰਧਾਨ ਜਲੰਧਰ, ਹਰਜਿੰਦਰ ਸਿੰਘ ਚੰਦੀ ਪ੍ਰੈਸ ਸਕੱਤਰ ਪੰਜਾਬ, ਸੋਢੀ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਜਲੰਧਰ, ਜਗਦੀਸ਼ ਸਿੰਘ ਪ੍ਰਚਾਰ ਸਕੱਤਰ, ਡਾ ਮਹਿੰਦਰ ਪਾਲ ਸਿੰਘ ਤਹਿਸੀਲ ਪ੍ਰਧਾਨ ਨੂਰਮਹਿਲ, ਗੁਰਦੀਪ ਸਿੰਘ ਤਹਿਸੀਲ ਪ੍ਰਧਾਨ ਨਕੋਦਰ, ਤਜਿੰਦਰਪਾਲ ਸਿੰਘ ਸਿੱਧੂ ਸਰਪੰਚ, ਇਕਬਾਲ ਸਿੰਘ ਜਨਰਲ ਸਕੱਤਰ, ਗੁਰਮੀਤ ਸਿੰਘ ਉਮਰੇ ਵਾਲ, ਹਰਮਨਪ੍ਰੀਤ ਸਿੰਘ ਆਦਰਾਮਾਨ ਬਲਾਕ ਪ੍ਰਧਾਨ ਮਹਿਤਪੁਰ, ਗੁਰਮੁਖ ਸਿੰਘ ਬਲਾਕ ਪ੍ਰਧਾਨ ਸ਼ਾਹਕੋਟ, ਰਣਜੀਤ ਸਿੰਘ ਕੌਹਾੜ ਬਲਾਕ ਮੀਤ ਪ੍ਰਧਾਨ (ਯੂਥ) ਬਲਵੰਤ ਸਿੰਘ ਜ਼ਿਲ੍ਹਾ ਖਜਾਨਚੀ, ਮਹਿੰਦਰ ਸਿੰਘ ਬਲਾਕ ਪ੍ਰਧਾਨ ਨੂਰਮਹਿਲ, ਹਰਭਜਨ ਸਿੰਘ ਜਨਰਲ ਸਕੱਤਰ ਨੂਰਮਹਿਲ, ਗੁਰਮੁਖ ਸਿੰਘ ਇਕਾਈ ਪ੍ਰਧਾਨ ਬੁਰਜ਼ ਹਸਨ, ਇਕਬਾਲ ਸਿੰਘ ਮੰਡਿਆਲਾ ਇਕਾਈ ਪ੍ਰਧਾਨ, ਬਲਦੇਵ ਸਿੰਘ ਮਧੇਪੁਰਾ, ਪ੍ਰਦੀਪ ਸਿੰਘ ਬਿੱਲੇ,ਦਵਿੰਦਰ ਸਿੰਘ ਗੋਪੀ ਇਕਾਈ ਪ੍ਰਧਾਨ, ਜਗਜੀਤ ਸਿੰਘ ਇਕਾਈ ਪ੍ਰਧਾਨ ਬਘੇਲਾ, ਕੁਲਵੰਤ ਸਿੰਘ ਇਕਾਈ ਪ੍ਰਧਾਨ ਵੇਹਰਾ, ਸੰਤੋਖ ਸਿੰਘ ਇਕਾਈ ਪ੍ਰਧਾਨ ਗੋਸੂਵਾਲ, ਨਿਰਮੋਹ ਸਿੰਘ ਇਕਾਈ ਪ੍ਰਧਾਨ ਪਰਜੀਆ, ਨਗਿੰਦਰ ਸਿੰਘ ਇਕਾਈ ਪ੍ਰਧਾਨ ਪਰਜੀਆ ਕਲਾਂ, ਪਰਮਜੀਤ ਸਿੰਘ ਇਕਾਈ ਪ੍ਰਧਾਨ ਨਰੰਗਪੁਰ, ਸੁਖਵੀਰ ਸਿੰਘ ਬਲਾਕ ਮੀਤ ਪ੍ਰਧਾਨ ਮਹਿਤਪੁਰ, ਅਸ਼ੋਕ ਕੁਮਾਰ ਇਕਾਈ ਪ੍ਰਧਾਨ ਰਾਏਪੁਰ ਅਰਾਈਆ, ਸਤਵੀਰ ਸਿੰਘ ਇਕਾਈ ਪ੍ਰਧਾਨ ਰਾਏਪੁਰ ਗੁਜਰਾਂ, ਬਲਵੰਤ ਸਿੰਘ ਇਕਾਈ ਪ੍ਰਧਾਨ ਬੂਟੇ ਦੀਆਂ ਛੰਨਾ, ਸਤਨਾਮ ਸਿੰਘ ਮਹਿਤਪੁਰ ਇਕਾਈ ਪ੍ਰਧਾਨ, ਸਤਨਾਮ ਸਿੰਘ ਇਕਾਈ ਪ੍ਰਧਾਨ ਝੁਗੀਆਂ, ਸਤਨਾਮ ਸਿੰਘ ਇਕਾਈ ਪ੍ਰਧਾਨ ਖੈਹਿਰਾ, ਭੁਪਿੰਦਰ ਸਿੰਘ ਇਕਾਈ ਪ੍ਰਧਾਨ ਕੰਨੀਆਂ, ਗੁਰਬਖਸ਼ ਸਿੰਘ ਇਕਾਈ ਪ੍ਰਧਾਨ ਆਦਰਮਾਨ ਡੇਰਾ, ਜਸਵੰਤ ਸਿੰਘ ਇਕਾਈ ਪ੍ਰਧਾਨ ਬਾਗੀਵਾਲ, ਲਾਡੀ ਲਹੌਰੀਆ ਇਕਾਈ ਪ੍ਰਧਾਨ ਬਾਗੀ ਵਾਲ ਖ਼ੁਰਦ, ਦਵਿੰਦਰ ਸਿੰਘ ਹੁੰਦਲ ਕਿਸਾਨ ਆਗੂ, ਗੁਰਚਰਨ ਸਿੰਘ ਇਕਾਈ ਪ੍ਰਧਾਨ ਬਾਗੀਆਂ, ਗੁਰਮੀਤ ਸਿੰਘ ਇਕਾਈ ਪ੍ਰਧਾਨ ਬਲੀਪੁਰ, ਸੁਰਿੰਦਰ ਸਿੰਘ ਇਕਾਈ ਪ੍ਰਧਾਨ ਬਿਹਾਰੀ ਪੁਰ ਪਰਜੀਆ, ਗਾਗੀ ਇਕਾਈ ਪ੍ਰਧਾਨ ਸੰਗੋਵਾਲ, ਦਰਬਾਰਾ ਸਿੰਘ ਇਕਾਈ ਪ੍ਰਧਾਨ ਸਾਰਗਵਾਲ, ਬਲਵਿੰਦਰ ਸਿੰਘ ਇਕਾਈ ਪ੍ਰਧਾਨ ਕਾਗਣਾ, ਪ੍ਰਿਤਪਾਲ ਸਿੰਘ ਇਕਾਈ ਪ੍ਰਧਾਨ ਉਮਰੇ ਵਾਲ, ਕੁਲਦੀਪ ਸਿੰਘ ਵੇਹਰਾ, ਜਗਤਾਰ ਸਿੰਘ ਇਕਾਈ ਪ੍ਰਧਾਨ ਦਾਨੇਵਾਲ, ਸੁਖਦੇਵ ਸਿੰਘ ਇਕਾਈ ਪ੍ਰਧਾਨ ਬੀਰ ਪਿੰਡ, ਸਤਨਾਮ ਸਿੰਘ ਪੰਨੂ ਇਕਾਈ ਪ੍ਰਧਾਨ ਬੱਗਾ, ਜਸਪ੍ਰੀਤ ਸਿੰਘ ਇਕਾਈ ਪ੍ਰਧਾਨ ਰੁੜਕੀ, ਬਲਵਿੰਦਰ ਸਿੰਘ ਇਕਾਈ ਪ੍ਰਧਾਨ ਡੱਲਾ, ਜਗੀਰ ਸਿੰਘ ਇਕਾਈ ਪ੍ਰਧਾਨ ਸ਼ਾਹਪੁਰ, ਸਰਬਜੀਤ ਸਿੰਘ ਇਕਾਈ ਪ੍ਰਧਾਨ ਮਹਿਤਪੁਰ, ਬਲਜੀਤ ਸਿੰਘ ਸਰਪੰਚ ਇਕਾਈ ਪ੍ਰਧਾਨ ਦਰਿਆ ਵਾਲੇ ਬਿੱਲੇ, ਅੰਮ੍ਰਿਤਪਾਲ ਸਿੰਘ ਖੈਹਿਰਾ, ਰਣਜੀਤ ਸਿੰਘ ਇਕਾਈ ਪ੍ਰਧਾਨ ਸਿੰਗਾਪੁਰ ਆਦਿ ਕਿਸਾਨ ਆਗੂ ਹਾਜ਼ਰ ਸਨ।




**ਲੈਂਡ ਪੂਲਿਗ ਪਾਲਸੀ ਖ਼ਿਲਾਫ਼ ਜ਼ਬਰਦਸਤ ਪ੍ਰਦਰਸ਼ਨ ਕਰਦੇ ਕਿਸਾਨ ਆਗੂ ਅਤੇ ਮਾਰਚ ਵਿੱਚ ਸ਼ਾਮਲ ਸੈਂਕੜੇ ਟਰੈਕਟਰਾ ਦਾ ਵਿਸ਼ਾਲ ਕਾਫ਼ਲਾ ।**

# ਜਸਵੰਤ ਗਿੱਲ ਸਮਾਲਸਰ ਦਾ ਰੂ ਬ ਰੂ, ਸੰਵਾਦ ਤੇ ਸਨਮਾਨ ਸਮਾਗਮ ਕਰਵਾਇਆ

## ਗੁਰਦੇਵ ਸਿੰਘ ਘਾਰੂ ਦਾ ਨਾਵਲ "ਛਲਾਵਾ" ਕੀਤਾ ਲੋਕ ਅਰਪਣ

**ਸ੍ਰੀ ਮੁਕਤਸਰ ਸਾਹਿਬ, (ਪੱਤਰ ਪ੍ਰੇਰਕ)** ਪੰਜਾਬੀ ਸਾਹਿਤ ਸਭਾ (ਰਜਿ.) ਸ੍ਰੀ ਮੁਕਤਸਰ ਸਾਹਿਬ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਵਾਸੀ ਨੌਜਵਾਨ ਸ਼ਾਇਰ ਜਸਵੰਤ ਗਿੱਲ ਸਮਾਲਸਰ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਉੱਘੇ ਆਲੋਚਕ ਡਾ.ਸੁਰਜੀਤ ਬਰਾੜ, ਨੌਜਵਾਨ ਸ਼ਾਇਰ ਚਰਨਜੀਤ ਸਮਾਲਸਰ, ਪ੍ਰਮਾਣਿਤ ਗੀਤਕਾਰ ਅਤੇ ਸਾਹਿਤਕਾਰ ਗੁਰਾਂਦਿੱਤਾ ਸਿੰਘ ਸੰਧੂ ਅਤੇ ਲੋਕ ਸ਼ਾਇਰ ਜਸਵੰਤ ਗਿੱਲ ਸਮਾਲਸਰ ਬਿਰਾਜਮਾਨ ਹੋਏ। ਮੰਚ ਸੰਚਾਲਨ ਕਰਦਿਆਂ ਸਭਾ ਦੇ ਜਨਰਲ ਸਕਤੱਰ ਕੁਲਵੰਤ ਸਰੋਤਾ ਨੇ ਮਹਿਮਾਨ ਸ਼ਾਇਰ ਨਾਲ ਜਾਣ-ਪਛਾਣ ਕਰਾਉਂਦਿਆ ਕਿਹਾ ਕਿ ਜਸਵੰਤ ਗਿੱਲ ਸਮਾਲਸਰ ਨੇ ਥੋੜ੍ਹੇ ਅਰਸੇ ਦੌਰਾਨ ਹੀ ਆਪਣੀ ਵਿਲੱਖਣ ਸ਼ਾਇਰੀ ਨਾਲ ਪੰਜਾਬੀ ਸਾਹਿਤ ਜਗਤ ਵਿਚ ਵਿਸ਼ੇਸ਼ ਥਾਂ ਬਣਾ ਲਈ ਹੈ। ਸਮਾਜ ਵੱਲੋਂ ਹਾਸ਼ੀਏ ਵੱਲ ਧੱਕੇ ਵਰਗ ਦੀ ਗੱਲ ਕਰਨ ਵਾਲੇ ਜਸਵੰਤ ਗਿੱਲ ਦਾ ਹਾਲ ਵਿੱਚ ਹੀ ਰਿਲੀਜ਼ ਹੋਇਆ ਕਾਵਿ-ਸੰਗ੍ਰਹਿ "ਜ਼ਿੰਦਗੀ ਦੇ ਪਰਛਾਵੇਂ" ਕਾਫੀ ਚਰਚਿਤ ਰਿਹਾ। ਚਰਨਜੀਤ ਸਮਾਲਸਰ ਨੇ ਆਪਣੇ ਛੋਟੇ ਭਰਾਤਾ ਜਸਵੰਤ ਗਿੱਲ ਸਮਾਲਸਰ ਦੇ ਜੀਵਨ ਅਤੇ ਸਾਹਿਤਕ ਸਿਰਜਣਾ ਬਾਰੇ ਸੰਖੇਪ ਪਰ ਭਾਵਪੂਰਤ ਜਾਣਕਾਰੀ ਦਿੱਤੀ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਉੱਘੇ ਆਲੋਚਕ ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਜਸਵੰਤ ਲੋਕ ਪੱਖੀ ਵਿਚਾਰਧਾਰਾ ਨੂੰ ਪ੍ਰਣਾਇਆ ਨੌਜਵਾਨ ਸ਼ਾਇਰ ਹੈ ਪੰਜਾਬੀ ਸਾਹਿਤ ਜਗਤ ਨੂੰ ਜਸਵੰਤ ਤੋਂ ਕਾਫੀ ਉਮੀਦਾਂ ਹਨ ਤੇ ਉਹ ਪ੍ਰਤੀਬੱਧ ਸਾਹਿਤਕਾਰ ਹੈ। ਜਸਵੰਤ ਗਿੱਲ ਨੇ ਹਾਜ਼ਰੀਨ ਨਾਲ ਰੂਬਰੂ ਹੁੰਦਿਆਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਆਪਣੀਆਂ ਕੁੱਝ ਚੋਣਵੀਆਂ ਰਚਨਾਵਾਂ ਵੀ ਸਰੋਤਿਆਂ ਨਾਲ਼ ਸਾਂਝੀਆਂ ਕੀਤੀਆਂ। ਰਚਨਾਵਾਂ ਦੇ ਦੌਰ 'ਚ ਪ੍ਰਿਤਪਾਲ ਮਲਕਾਣਾ, ਚਰਨਜੀਤ ਸਮਾਲਸਰ, ਗੁਰਦੇਵ ਘਾਰੂ, ਧਰਮ ਪਰਵਾਨਾ, ਸਤੀਸ਼ ਧਵਨ ਭਲੂਰ, ਗੁਰਦੀਪ ਭਾਵਾ ਮਾਨਸਾ, ਬਲਦੇਵ ਇਕਵੰਨ, ਹਰਸੰਗੀਤ ਗਿੱਲ, ਬਸ਼ਰ ਪਰਮਿੰਦਰ ਸਿੰਘ, ਬਲਵਿੰਦਰ ਰਾਏ ਦੋਦਾ, ਉਸਤਾਦ ਸ਼ਾਇਰ ਬਿੱਕਰ ਸਿੰਘ ਵਿਯੋਗੀ, ਵਤਨਵੀਰ ਜ਼ਖਮੀ, ਕੁਲਵਿੰਦਰ ਵਿਰਕ ਕੋਟਕਪੂਰਾ, ਸਰਬਜੀਤ ਸਿੰਘ, ਜਸਵੀਰ ਫੀਰਾ, ਸੁਖਜਿੰਦਰ ਭੰਗਚੜੀ, ਕੁਲਵਿੰਦਰ ਸਿੰਘ ਦਿਲਗੀਰ ਆਦਿ ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਦੀ ਸ਼ਾਨਦਾਰ ਪੇਸ਼ਕਾਰੀ ਕਰ ਕੇ ਹਾਜ਼ਰੀਨ ਦਾ ਮਨ ਮੋਹ ਲਿਆ। ਇਸ ਮੌਕੇ ਪੰਜਾਬੀ ਦੇ ਉੱਘੇ ਨਾਵਲਕਾਰ ਗੁਰਦੇਵ ਸਿੰਘ ਘਾਰੂ ਦਾ ਨਵਪ੍ਰਕਾਸ਼ਿਤ ਨਾਵਲ "ਛਲਾਵਾ" ਲੋਕ ਅਰਪਣ ਕੀਤਾ ਗਿਆ। ਸਭਾ ਦੇ ਮੁੱਖ ਸਰਪ੍ਰਸਤ ਗੁਰਾਂਦਿੱਤਾ ਸਿੰਘ ਸੰਧੂ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਅਖ਼ੀਰ 'ਚ ਸਾਹਿਤ ਸਭਾ ਵੱਲੋਂ ਜਸਵੰਤ ਗਿੱਲ ਸਮਾਲਸਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।





# ਬੀਐਸਐਨਐਲ ਪੈਨਸ਼ਨਰਜ਼ ਵੱਲੋਂ ਸ਼ਹੀਦ ਊਧਮ ਸਿੰਘ ਸੁਨਾਮ ਨੂੰ ਸਮਰਪਿੱਤ ਵਿਚਾਰ ਗੋਸ਼ਟੀ

## ਤਰਕਸ਼ੀਲ ਸਾਹਿਤ ਵੰਡਿਆ ਗਿਆ ਤੇ ਤਰਕਸ਼ੀਲਾਂ ਵੱਲੋਂ ਕਰਵਾਈ ਜਾ ਰਹੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ ਗਈ

**ਸੰਗਰੂਰ।** ਬੀ.ਐਸ.ਐਨ.ਐਲ. ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਸੰਗਰੂਰ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸਮਰਪਿੱਤ ਵਿਚਾਰ ਗੋਸ਼ਟੀ ਦਾ ਆਯੋਜਨ ਸ਼੍ਰੀ ਨੈਣਾਂ ਦੇਵੀ ਮੰਦਿਰ ਧਰਮਸ਼ਾਲਾ, ਸੰਗਰੂਰ ਵਿਖੇ ਕੀਤਾ ਗਿਆ। ਸ਼ੁਰੂਆਤ ਵਿੱਚ ਸ਼ਹੀਦ ਊਧਮ ਸਿੰਘ ਸੁਨਾਮ ਨੂੰ ਯਾਦ ਕਰਦਿਆਂ ਬੁਲਾਰਿਆਂ ਦੱਸਿਆ ਕਿ ਊਧਮ ਸਿੰਘ ਨੇ ਕਿਹਾ ਸੀ "ਅਜਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦੀ ਹੈ ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕਿ ਅਜਾਦੀ ਜੀਵਨ ਹੈ ਅਤੇ ਗੁਲਾਮੀ ਮੌਤ ਹੈ। ਅਜਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਹਾਸਿਲ ਕਰਕੇ ਰਹਾਂਗੇ..."

ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਵਾਲਾ ਹੀ ਨਹੀਂ ਸੀ, ਸਗੋਂ ਉਹ ਧੁਰ ਅੰਦਰ ਸਮਾਜਿਕ ਬਦਲਾਅ ਨੂੰ ਪ੍ਰਣਾਇਆ ਉੱਘਾ ਕ੍ਰਾਂਤੀਕਾਰੀ ਸੀ। ਲੁੱਟ ਰਹਿਤ ਸਮਾਜ ਸਿਰਜਣ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਜਮਾਤੀ ਸੰਘਰਸ਼ ਨੂੰ ਤੇਜ਼ ਕਰਨਾ ਹੀ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਹੈ।ਇਸ ਤੋਂ ਬਾਅਦ ਇਸ ਮਹੀਨੇ ਐਸੋਸੀਏਸ਼ਨ ਦੇ ਪਰਿਵਾਰਾਂ ਨਾਲ ਸਬੰਧਿਤ ਵਿਛੜੇ ਪਰਿਵਾਰਿਕ ਮੈਂਬਰਾਂ, 114 ਸਾਲਾ ਮੈਰਾਥਨ ਜੇਤੂ ਸਰਦਾਰ ਫੌਜਾ ਸਿੰਘ ਨੂੰ ਅਤੇ ਪਿਛਲੇ ਦਿਨੀ ਚਲਾਣਾ ਕਰ ਗਏ ਵਿਨੈ ਰੈਣਾ, ਜਿਲਾ ਸਕੱਤਰ, ਲੁਧਿਆਣਾ ਦੇ ਮਾਤਾ ਜੀ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਭਾਵ ਭਿੰਨੀ ਸ਼ਰਧਾਂਜ਼ਲੀ ਪੇਸ਼ ਕੀਤੀ ਗਈ। ਸ਼੍ਰੀ ਪੀ. ਸੀ. ਬਾਘਾ ਨੇ ਮੀਟਿੰਗ ਦੇ ਸ਼ੁਰੂਆਤ ਵਿੱਚ ਅਜੋਕੇ ਸਮਾਜ ਵਿੱਚ ਪ੍ਰਚਲਤ ਵਹਿਮਾਂ ਭਰਮਾਂ ਅਤੇ ਸਮਾਜਿਕ ਨਾ ਬਰਾਬਰੀ ਦੇ ਮੁੱਦੇ ਤੇ ਪ੍ਰਭਾਵਸ਼ਾਲੀ ਤਕਰੀਰ ਕੀਤੀ ਅਤੇ ਨਿੱਗਰ ਸਮਾਜ ਦੀ ਉਸਾਰੀ ਵਾਸਤੇ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ। ਸ਼੍ਰੀ ਸਾਧਾ ਸਿੰਘ ਵਿਰਕ ਨੇ ਪੈਨਸ਼ਨਰਾਂ ਲਈ ਆਪਣੇ ਵਾਰਸਾਂ ਦੇ ਨੌਮੀਨੇਸ਼ਨ ਫਾਰਮ ਭਰਨ ਦੀ ਮਹਤੱਤਾ ਬਾਰੇ ਦੱਸਿਆ ਅਤੇ ਪੰਜਾਬ ਸੀ.ਸੀ.ਏ. ਸੈੱਲ ਵੱਲੋਂ ਇਸ ਸਬੰਧੀ ਜਾਰੀ ਕੀਤੇ ਗਿਆ ਦਿਸ਼ਾ ਨਿਰਦੇਸ਼ਾਂ ਬਾਰੇ ਚਾਨਣਾ ਪਾਇਆ। ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਣ ਮੁਲਾਜ਼ਮ ਆਪਣੀ ਵਿਆਹੀ ਹੋਈ ਲੜਕੀ ਦਾ ਨਾਂ ਫੈਮਲੀ ਮੈਂਬਰਾਂ ਵਿੱਚ ਲਿਖਵਾ ਸਕਦੇ ਹਨ। ਇਸ ਤੋਂ ਇਲਾਵਾ ਸੀ ਜੀ ਐਚ ਐਸ ਦੇ ਨਵੇਂ ਸਿਸਟਮ ਬਾਰੇ ਜਾਣਕਾਰੀ ਦਿੱਤੀ ਅਤੇ ਵੈਲਨੈਸ ਸੈਂਟਰਾਂ ਤੇ ਖੱਜਲ ਖੁਆਰੀ ਤੋਂ ਬਚਣ ਲਈ ਉਪਾਅ ਦੱਸੇ। ਸ਼੍ਰੀ ਅਸ਼ਵਨੀ ਕੁਮਾਰ ਨੇ ਬਜ਼ੁਰਗ ਸਾਥੀ ਸ਼੍ਰੀ ਗੁਰਦਿਆਲ ਸਿੰਘ ਸੈਨੀ ਜੋ ਕਿ ਪਿਛਲੇ ਕਾਫੀ ਸਮੇਂ ਤੋਂ ਸਿਹਤ ਠੀਕ ਨਾ ਹੋਣ ਦੇ ਬਾਵਜ਼ੂਦ ਐਸੋਸੀਏਸ਼ਨ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ।



ਸ਼੍ਰੀ ਸ਼ਿਵ ਨਰਾਇਣ ਨੇ ਇਸ ਮਹੀਨੇ ਦੇ ਘਟਨਾਕ੍ਰਮ ਜਿਵੇਂ ਕਿ ਰਾਸ਼ਟਰੀ ਡਾਕਟਰ ਦਿਵਸ, ਵਿਸ਼ਵ ਜਨਸੰਖਿਆ ਦਿਵਸ ,ਜਿਲਾ ਸੰਗਰੂਰ ਦੀ ਗਦਰੀ ਬੀਬੀ ਗੁਲਾਬ ਕੌਰ ਬਖਸ਼ੀ ਵਾਲਾ ਅਤੇ ਉਧਮ ਸਿੰਘ ਦੇ ਸ਼ਹੀਦੀ ਦਿਵਸ ਬਾਰੇ ਚਾਨਣਾ ਪਾਇਆ। ਅਵਾਰਾ ਪਸ਼ੂਆਂ ਅਤੇ ਕੁੱਤਿਆਂ ਬਾਰੇ ਚਿੰਤਾ ਪ੍ਰਗਟਾਉਂਦਿਆਂ ਸਰਕਾਰ ਤੋਂ ਇਸ ਸਮੱਸਿਆ ਦਾ ਹੱਲ ਕੱਢਣ ਦੀ ਮੰਗ ਕੀਤੀ। ਉਨ੍ਹਾਂ ਨੇ ਸ਼੍ਰੀ ਨਵਨੀਤ ਕੁਮਾਰ ਬਰਨਾ਼ਲਾ ਦੀ ਭਰਪੂਰ ਸ਼ਲਾਘਾ ਕੀਤੀ ਜਿਨ੍ਹਾਂ ਨੇ ਸਵਰਗੀ ਸ਼੍ਰੀ ਬੀ.ਐਸ. ਸਿੱਧੂ ਅਤੇ ਸ਼੍ਰੀ ਓਂਕਾਰ ਚੰਦ ਦੇ ਪਰਿਵਾਰ ਦੀ ਫੈਮਿਲੀ ਪੈਨਸ਼ਨ ਲਵਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ।

ਸ਼੍ਰੀ ਸ਼ਿਵ ਚਰਨ ਦਾਸ ਨੇ ਤਰਕਸ਼ੀਲ ਸਾਹਿਤ ਵੰਡਿਆ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 29 ਤੇ 31 ਅਗਸਤ ਨੂੰ ਕਰਵਾਈ ਜਾ ਰਹੀ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ,ਇਹ ਪ੍ਰੀਖਿਆ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੈ । ਇਕਾਈ ਸੰਗਰੂਰ ਵੱਲੋਂ ਇਹ ਪ੍ਰੀਖਿਆ ਤਕਰੀਬਨ 12 ਪ੍ਰੀਖਿਆ ਕੇਂਦਰਾਂ ਵਿੱਚ ਹੋਵੇਗੀ। ਸ਼੍ਰੀ ਕੇਵਲ ਸਿੰਘ ਮਾਲੇਰਕੋਟਲਾ ਨੇ ਆਪਣੀ ਬੁਲੰਦ ਅਵਾਜ ਵਿੱਚ ਤੂੰਬੀ ਨਾਲ ਇੱਕ ਬਹੁਤ ਹੀ ਮਕਬੂਲ ਗੀਤ ਗਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਸ਼੍ਰੀ ਹਰਮੇਸ਼ ਸਿੰਘ ਨੇ ਰਾਗ ਮਲਹਾਰ ਵਿੱਚ ਇੱਕ ਸ਼ਬਦ ਦਾ ਗਾਇਣ ਕੀਤਾ ਅਤੇ ਵਾਰਿਸ ਸ਼ਾਹ ਦੀ ਹੀਰ ਵਿੱਚੋਂ ਇੱਕ ਗੀਤ ਸੁਣਾ ਕੇ ਆਪਣੀ ਕਲਾ ਨਾਲ ਮਾਹੌਲ ਨੂੰ ਵਿਲੱਖਣ ਰੰਗ ਦਿੱਤਾ। ਸ਼੍ਰੀ ਭਾਰਤ ਭੂਸ਼ਣ ਧੂਰੀ ਨੇ ਇੱਕ ਮਸ਼ਹੂਰ ਫਿਲਮੀ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਮੀਟਿੰਗ ਵਿੱਚ ਚਾਰ ਕਾਉਂਟਰ ਲਗਾਏ ਗਏ ਸਨ ਅਤੇ ਲਗਭਗ 80 ਪੈਨਸ਼ਨਰ ਪਰਿਵਾਰਾਂ ਦੇ ਨੌਮੀਨੇਸ਼ਨ ਫਾਰਮ ਭਰਵਾਏ ਗਏ। ਫਾਰਮ ਭਰਨ ਦੇ ਸੇਵਾ ਸ਼੍ਰੀ ਨਵਨੀਤ ਕੁਮਾਰ ਬਰਨਾ਼ਲਾ, ਸ਼੍ਰੀ ਮਾਂਗੇ ਰਾਮ ਸੁਨਾਮ , ਸ਼੍ਰੀ ਐਸ. ਪੀ. ਗਰਗ ਸੰਗਰੂਰ, ਸ਼੍ਰੀ ਬਲਵੰਤ ਰਾਮ ਸੰਗਰੂਰ ਅਤੇ ਸ਼੍ਰੀ ਭਾਰਤ ਭੂਸ਼ਣ ਧੂਰੀ ਵੱਲੋਂ ਕੀਤੀ ਗਈ।

ਸ਼੍ਰੀ ਸਾਧਾ ਸਿੰਘ ਵਿਰਕ ਨੇ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਸ਼੍ਰੀ ਦੀਦਾਰ ਸਿੰਘ (ਰੋਪੜ),ਸ਼੍ਰੀ ਰਜਿੰਦਰ ਸਿੰਘ ਸਲਾਣਾ (ਖੰਨਾ ਮੰਡੀ) ਅਤੇ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਉਣ ਵਾਲੇ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕੀਤਾ ।ਮੰਚ ਸੰਚਾਲਨ ਸ਼੍ਰੀ ਸ਼ਿਵ ਨਰਾਇਣ ਵੱਲੋਂ ਕੀਤਾ ਗਿਆ।

**ਮਾਸਟਰ ਪਰਮ ਵੇਦ**
**ਸੰਗਰੂਰ**
**9417422349**

# ਇਸਤਰੀ ਸਤਿਸੰਗ ਸਭਾਵਾਂ ਵੱਲੋਂ ਪੂਰੇ ਉਤਸਾਹ ਨਾਲ 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਭਾਗ ਲੈਣ ਦਾ ਐਲਾਨ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਲੁਧਿਆਣਾ ਵੱਲੋਂ ਨੌਂਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਯੋਜਿਤ ਕੀਤੇ ਜਾਣ ਵਾਲੇ ਸਮੂਹ ਸਮਾਗਮਾਂ ਅੰਦਰ ਲੁਧਿਆਣੇ ਸ਼ਹਿਰ ਦੀਆਂ ਇਸਤਰੀ ਸਤਿਸੰਗ ਸਭਾਵਾਂ, ਕੀਰਤਨ ਤੇ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਪੂਰੇ ਉਤਸ਼ਾਹ ਨਾਲ ਭਾਗ ਲੈਣਗੀਆਂ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇਸਤਰੀ ਸਤਿਸੰਗ ਸਭਾ ਦੀ ਪ੍ਰਮੁੱਖ ਬੀਬੀ ਕਰਤਾਰ ਕੌਰ (ਝਾਂਈ ਜੀ), ਬੀਬੀ ਰਵਿੰਦਰ ਕੌਰ ਸਰਾਭਾ ਨਗਰ, ਬੀਬੀ ਦਲਜੀਤ ਕੌਰ ਤੇ ਬੀਬੀ ਚਰਨਜੀਤ ਕੌਰ ਬੱਬੂ ਭੈਣ ਜੀ ਨੇ ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 ਦੁੱਗਰੀ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਵੱਲੋਂ ਲੁਧਿਆਣਾ ਸ਼ਹਿਰ ਦੀਆਂ ਇਸਤਰੀ ਸਤਿਸੰਗ ਸਭਾਵਾਂ ਦੀਆਂ ਪ੍ਰਮੁੱਖ ਬੀਬੀਆਂ ਦੀ ਸੱਦੀ ਗਈ ਵਿਸੇਸ਼ ਇਕੱਤਰਤਾ ਉਪਰੰਤ ਸਾਂਝੇ ਤੌਰ ਤੇ ਗੱਲਬਾਤ ਕਰਦਿਆਂ ਹੋਇਆਂ ਕੀਤਾ ।

ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦੇਣ ਵਾਲੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਪੂਰੀ ਇੱਕਜੁੱਟਤਾ ਤੇ ਵੱਡੇ ਪੱਧਰ ਤੇ ਮਨਾਉਣ ਲਈ ਯੂਨਾਈਟਿਡ ਸਿੱਖਜ਼ ਦੀ ਟੀਮ ਵੱਲੋਂ ਕੀਤੇ ਜਾ ਰਹੇ ਉਪਰਾਲੇ ਸਮੂੱਚੀਆਂ ਸੰਗਤਾਂ ਲਈ ਪ੍ਰੇਰਣਾ ਸਰੋਤ ਹਨ ।ਇਸ ਦੌਰਾਨ ਇਕੱਤਰਤਾ ਵਿੱਚ ਆਪਣੇ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਗਿਆਨੀ ਫ਼ਤਿਹ ਸਿੰਘ ਕੋਆਰਡੀਨੇਟਰ 350 ਸਾਲਾਂ ਸ਼ਤਾਬਦੀ ਕਮੇਟੀ ਲੁਧਿਆਣਾ, ਸ੍ਰ: ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਜ਼, ਸਤਨਾਮ ਸਿੰਘ ਸਲ੍ਹੋਪੁਰੀ, ਡਾ: ਪੁਸ਼ਪਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਸ਼ਹੀਦੀ ਸ਼ਤਾਬਦੀ ਦੀ ਅਸਲ ਮਹੱਤਤਾ ਤੇ ਸੁਨੇਹੇ ਨੂੰ ਘਰ-ਘਰ ਪਹੁੰਚਾਣ ਅਤੇ ਬੱਚਿਆਂ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ, ਸਿੱਖਿਆਵਾ ਤੇ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਵਿੱਚ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਆਪਣੀ ਮੋਹਰੀ ਭੂਮਿਕਾ ਨਿਭਾਉਣ ਤਾਂ ਹੀ ਸ਼ਹੀਦੀ ਸ਼ਤਾਬਦੀ ਮਨਾਉਣੀ ਸਫਲਾ ਸਿੱਧ ਹੋਵੇਗੀ । ਇਸ ਮੌਕੇ ਵੱਖ-ਵੱਖ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੇ ਰਸਮੀ ਤੌਰ ਤੇ ਐਲਾਨ ਕੀਤਾ ਕਿ 350 ਸਾਲਾਂ ਸ਼ਤਾਬਦੀ ਕਮੇਟੀ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਸਮੂਹ ਸਮਾਗਮਾਂ ਅੰਦਰ ਜਿੱਥੇ ਬੀਬੀਆਂ ਆਪਣੀ ਭਰਵੀ ਸ਼ਮੂਲੀਅਤ ਕਰਨਗੀਆਂ ਉੱਥੇ ਨਾਲ ਹੀ ਪ੍ਰਚਾਰ ਮੁਹਿੰਮ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਵਿੱਚ ਆਪਣਾ ਨਿੱਘਾ ਸਹਿਯੋਗ ਦੇਣਗੀਆਂ ਅਤੇ ਇਸੇ ਲੜ੍ਹੀ ਤਹਿਤ ਸਮੂਹ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਮਹਾਨ ਇਸਤਰੀ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ । ਇਸ ਦੌਰਾਨ ਉੱਘੇ ਸਿੱਖ ਵਿਦਵਾਨ ਤੇ ਪ੍ਰਚਾਰਕ ਸ੍ਰ: ਸਤਨਾਮ ਸਿੰਘ ਸਲ੍ਹੋਪੁਰੀ ਨੇ ਆਪਣੀ ਸੰਸਥਾ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਕੁਰਬਾਨੀ ਭਰੇ ਇਤਿਹਾਸ ਨੂੰ ਬੱਚਿਆਂ ਤੱਕ ਪਹੁੰਚਾਣ ਲਈ ਤਿਆਰ ਕੀਤੀ ਗਈ ਸੁਚਿੱਤਰ ਤਸਵੀਰਾਂ ਵਾਲੀ ਪੁਸਤਕਾਂ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੂੰ ਭੇਟ ਕੀਤੀਆਂ ਤੇ ਸਹਿਜ ਪਾਠ ਕਰਨ ਦੀ ਲੜੀ ਨਾਲ ਵੱਧ ਤੋਂ ਵੱਧ ਜੁੜਨ ਦੀ ਤਾਕੀਦ ਵੀ ਕੀਤੀ ।



ਇਕੱਤਰਤਾ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਸਿੰਘ ਨੇ ਸਮੂਹ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਤੇ ਸ਼ਤਾਬਦੀ ਕਮੇਟੀ ਦੇ ਕਨਵੀਨਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਨਿੱਘਾ ਧੰਨਵਾਦ ਪ੍ਰਗਟ ਕੀਤਾ ਅਤੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਵਿੱਚ ਗੁਰਦੁਆਰਾ ਸਾਹਿਬ ਵੱਲੋਂ ਆਪਣਾ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਕੱਤਰਤਾ ਦੌਰਾਨ ਸੁਰਿੰਦਰ ਸਿੰਘ ਮੱਕੜ ਤੇ ਭੁਪਿੰਦਰ ਸਿੰਘ ਮੱਕੜ ਯੂਨਾਈਟਿਡ ਸਿੱਖਜ਼, ਗੁਰਦੀਪ ਸਿੰਘ ਪ੍ਰਧਾਨ ਗੁ.ਮਾਇਆ ਨਗਰ,ਬੀਬੀ ਸਰਨਾ, ਮਨਪ੍ਰੀਤ ਕੌਰ ਬੀ.ਆਰ.ਐਸ ਨਗਰ. ਅਮਰਜੀਤ ਕੌਰ, ਬੀਬੀ ਪਰਮਿੰਦਰ ਕੌਰ, ਬਲਬੀਰ ਕੌਰ, ਬੀਬੀ ਦਵਿੰਦਰ ਕੌਰ ਆਦਿ ਵਿਸੇਸ਼ ਤੌਰ ਤੇ ਹਾਜ਼ਰ ਸਨ ।

# ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਜੀ ਦੀ 33ਵੀਂ ਬਰਸੀ ਨੂੰ ਸਮਰਪਿਤ ਇਨਾਮ ਵੰਡ ਸਮਾਰੋਹ












ਅੱਜ ਮਿਤੀ 01-08-2025 ਦਿਨ ਸ਼ੁੱਕਰਵਾਰ ਨੂੰ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ ਨੂੰ ਸਮਰਪਿਤ ਆਰੰਭ ਕੀਤੇ ਗਏ ਸਮਾਗਮਾਂ ਦੀ ਲੜੀ ਤਹਿਤ ਪਿੰਗਲਵਾੜਾ ਸੋਸਾਇਟੀ ਆਫ਼ ਅੰਟਾਰੀਓ ਅਤੇ ਪਿੰਗਲਵਾੜਾ ਅੰਮ੍ਰਿਤਸਰ ਦੇ ਸਾਂਝੇ ਉੱਦਮ ਨਾਲ ਚਲੱਦੇ ਵਿੱਦਿਅਕ ਅਦਾਰਿਆਂ ਦੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਵੱਖ-ਵੱਖ ਵਾਰਡਾਂ ਦੇ ਵਸਨੀਕਾਂ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਪਿੰਗਲਵਾੜਾ ਸੰਸਥਾ ਦੇ ਮੁੱਖ ਦਫ਼ਤਰ ਵਿਖੇ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਆਰੰਭ ਗੁਰਬਾਣੀ ਦੇ ਰਸ-ਭਿੰਨੇ ਸ਼ਬਦ ਨਾਲ ਹੋਇਆ। ਇਸ ਮੌਕੇ ਡਾ. ਬਲਬੀਰ ਸਿੰਘ, ਮਾਨਯੋਗ ਸਿਹਤ ਮੰਤਰੀ, ਪੰਜਾਬ ਨੇ ਆਪਣੇ ਰੁਝੇਵਿਆਂ ਭਰੇ ਪਲਾਂ ਵਿੱਚੋਂ ਸਮਾਂ ਕੱਢ ਕੇ ਬਤੌਰ "ਮੁੱਖ ਮਹਿਮਾਨ" ਵਜੋਂ ਸ਼ਿਰਕਤ ਕੀਤੀ। ਇਸ ਮੌਕੇ "ਸਤਿਕਾਰਤ ਮਹਿਮਾਨ" ਵਜੋਂ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਪ੍ਰਬੰਧਕ ਕਮੇਟੀ ਪਹੁੰਚੇ। ਇਸ ਪ੍ਰੋਗਰਾਮ ਵਿੱਚ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਨੇ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਪਿੰਗਲਵਾੜਾ ਸੰਸਥਾ ਵੱਲੋਂ ਮਰੀਜ਼ਾਂ ਦੀ ਖ਼ੁਸ਼ੀ ਲਈ ਵੱਖ-ਵੱਖ ਵਾਰਡਾਂ ਅਤੇ ਬ੍ਰਾਂਚਾਂ ਤੋਂ ਆਏ ਵਸਨੀਕਾਂ ਨੇ ਵੀ ਆਪਣੇ ਹੁਨਰਾਂ ਨੂੰ ਭੰਗੜੇ ਅਤੇ ਗਿੱਧੇ ਨਾਲ ਪੇਸ਼ ਕੀਤਾ। ਇਸ ਤੋਂ ਇਲਾਵਾ ਪਿੰਗਲਵਾੜਾ ਦੇ ਸੇਵਾਦਾਰਾਂ ਅਤੇ ਮਰੀਜ਼ਾਂ ਵੱਲੋਂ ਵੀ ਵਾਤਾਵਰਨ ਵਿੱਚ ਪਾਣੀ ਦੀ ਮਹੱਤਤਾ ਤੇ ਨਾਟਕ ਪੇਸ਼ ਕੀਤਾ ਗਿਆ। ਇਸ ਉਪਰੰਤ ਪਿੰਗਲਵਾੜਾ ਸੰਸਥਾ ਅਤੇ ਪਿੰਗਲਵਾੜਾ ਸੋਸਾਇਟੀ ਆਫ਼ ਓਨਟਰਾਰੀਓ ਦੇ ਸਾਂਝੇ ਪ੍ਰੋਜੈਕਟ ਅਧੀਨ ਚਲਾਏ ਜਾ ਰਹੇ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਂਡਰੀ ਸਕੂਲ, ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈੱਫ਼ ਅਤੇ ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਪ੍ਰਿੰਸੀਪਲਾਂ ਵੱਲੋ ਸਕੂਲਾਂ ਦੀ ਸਾਲ-ਾਨਾ ਰਿਪੋਰਟ ਪੜ੍ਹੀ ਗਈ, ਜਿਸ ਵਿੱਚੋਂ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਂਡਰੀ ਸਕੂਲ ਵਿੱਚ ਪੰਜਵੀਂ ਜਮਾਤ ਅਤੇ ਅੱਠਵੀਂ ਜਮਾਤ ਦੇ ਵਿਦਿਆਰਥਣਾਂ ਨੇ ਵਧੀਆ ਅੰਕ ਪ੍ਰਾਪਤ ਕੀਤੇ। ਮੈਰਿਟ ਆਏ ਬੱਚਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਕੂਲ ਬੈਗ ਅਤੇ ਅੱਠਵੀਂ ਜਮਾਤ ਵਿੱਚੋਂ ਮੈਰਿਟ ਆਏ ਬੱਚਿਆਂ ਨੂੰ ਗੁੱਟ-ਘੜੀਆਂ ਇਨਾਮ ਵਜੋਂ ਦਿੱਤੀਆਂ ਗਈਆਂ। ਭਗਤ ਪੂਰਨ ਸਿੰਘ ਸਕੂਲ ਫ਼ਾਰ ਡੈਫ਼ (ਗੂੰਗੇ-ਬੋਲੇ) ਸਕੂਲ ਦੇ ਬੱਚਿਆਂ ਨੂੰ ਜੂਡੋ ਸਟੇਟ ਪੱਧਰ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਤੇ ਪਿੰਗਲਵਾੜਾ ਸੰਸਥਾ ਵੱਲੋਂ ਸਪੋਰਟਸ ਦੇ ਬੂਟ ਇਨਾਮ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ਡੈੱਫ਼ ਸਕੂਲ ਦੇ ਅਧਿਆਪਕਾਂ ਨੂੰ ਵਧੀਆ ਕਾਰਗੁਜ਼ਾਰੀ ਕਰਨ ਤੇ ਡਿਪਟੀ ਕਮਿਸ਼ਨਰ ਵੱਲੋਂ 1000 ਦਾ ਕੈਸ਼



ਇਨਾਮ ਦਿੱਤਾ ਗਿਆ। ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਬੱਚਿਆਂ ਨੇ ਵੱਖ-ਵੱਖ ਖੇਡਾਂ ਜਿਵੇਂ ਕਿ ਪਾਵਰ ਲਿਫ਼ਟਿੰਗ, ਨੈਸ਼ਨਲ ਫੁੱਟਬਾਲ, ਨੈਸ਼ਨਲ ਬਾਸਕਟਬਾਲ, ਨੈਸ਼ਨਲ ਬਾਊਲਿੰਗ, ਨੈਸ਼ਨਲ ਸਕੇਟਿੰਗ, ਬੈਡਮਿੰਟਨ, ਟੇਬਲ ਟੈਨਿਸ ਅਤੇ ਡਰਾਇੰਗ ਦੇ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਪਿੰਗਲਵਾੜਾ ਸੰਸਥਾ ਦਾ ਨਾਮ ਰੋਸ਼ਨ ਕੀਤਾ। ਇਹਨਾਂ ਸਪੈਸ਼ਲ ਬੱਚਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਪੀਕਰ, ਯੂਨੀਫ਼ਾਰਮ ਅਤੇ ਸਾਈਕਲ ਇਨਾਮ ਵਜੋਂ ਦਿੱਤਾ ਗਿਆ।

ਡਾ. ਬਲਬੀਰ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਪਿੰਗਲਵਾੜਾ ਪਹੁੰਚ ਕੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ, ਉਹਨਾਂ ਕਿਹਾ ਕਿ ਪਿੰਗਲਵਾੜਾ ਇਕ ਅਜਿਹੀ ਸੰਸਥਾ ਹੈ ਜਿਸ ਤੋਂ ਮਨੁੱਖਤਾ ਪ੍ਰਤੀ ਪਿਆਰ ਸਹੀ ਅਰਥਾਂ ਵਿੱਚ ਸਿੱਖਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਮੈਂ ਪੰਜਾਬ ਸਰਕਾਰ ਵੱਲੋਂ ਪਿੰਗਲਵਾੜਾ ਸੰਸਥਾ ਦੀ ਸੇਵਾ ਲਈ ਵੱਚਨਬੱਧ ਹਾਂ ਅਤੇ ਜੋ ਵੀ ਸਮੇਂ-ਸਮੇਂ ਤੇ ਯੋਗ ਸੇਵਾ ਸਰਕਾਰ ਨੂੰ ਸੰਸਥਾ ਵੱਲੋਂ ਬਖ਼ਸ਼ੀ ਜਾਵੇਗੀ, ਅਸੀਂ ਉਸਨੂੰ ਪੂਰਨ ਤੌਰ ਤੇ ਨਿਭਾਵਾਂਗੇ।

ਬੀਬੀ ਕਿਰਨਜੋਤ ਕੌਰ ਜੀ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਬੱਚਿਆਂ ਦਾ ਅੱਜ ਦਾ ਇਨਾਮ ਵੰਡ ਸਮਾਰੋਹ ਬਹੁਤ ਸਲਾਹੁਣਯੋਗ ਹੈ ਅਤੇ ਉਹਨਾਂ ਪ੍ਰੋਗਰਾਮ ਵਿੱਚ ਸ਼ਾਮਲ ਬੱਚਿਆਂ ਅਤੇ ਵਿੱਦਿਅਕ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ, ਉਹਨਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

ਇਸ ਪ੍ਰੋਗਰਾਮ ਵਿੱਚ ਗਾਇਕ ਕਲਾਕਾਰ ਸ੍ਰ. ਨਵਜੋਤ ਸਿੰਘ ਮੰਡੇਰ ਦੇ ਦੋਵਾਂ ਸਪੁੱਤਰਾਂ ਜਸਕੰਵਰ ਸਿੰਘ, ਨਵਕਰਨ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਸਟੇਜ ਤੇ ਪੁਰਾਣੇ ਸਾਜਾਂ ਜਿਵੇਂ ਕਿ ਅਲਗੋਜ਼ਾ, ਤੂੰਬੀ ਅਤੇ ਢੱਡ ਸਾਰੰਗੀ ਨਾਲ ਗੀਤ ਪੇਸ਼ ਕਰਕੇ ਦਰਸ਼ਕਾਂ ਨੂੰ ਕੀਲ ਕੇ ਪੰਡਾਲ ਵਿੱਚ ਬੈਠਣ ਲਈ ਮਜ਼ਬੂਰ ਕਰ ਦਿੱਤਾ। ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਉਹ ਪਿੰਗਲਵਾੜਾ ਸੰਸਥਾ ਦੇ ਛੋਟੇ ਜਿਹੇ ਸੁਨੇਹੇ ਤੇ ਜਿੱਥੇ ਵੀ ਉਹਨਾਂ ਨੂੰ ਸੱਦਾ ਮਿਲੇਗਾ ਉਹ ਆਪਣੀ ਟੀਮ ਨਾਲ ਹਾਜ਼ਰ ਹੋਣਗੇ। ਇਸ ਮੌਕੇ ਡਾ. ਇੰਦਰਜੀਤ ਕੌਰ ਜੀ ਨੇ ਕਿਹਾ ਕਿ ਪਿੰਗਲਵਾੜਾ ਸੰਸਥਾ ਹਮੇਸ਼ਾ ਹੀ ਮਨੁੱਖਤਾ ਦੀ ਭਲਾਈ ਲਈ ਤਤਪਰ ਤੇ ਫ਼ਿਕਰਮੰਦ ਰਹਿੰਦੀ ਹੈ, ਅਜਿਹਾ ਆਪ ਸਭ ਦੇ ਸਹਿਯੋਗ ਨਾਲ ਹੀ ਸੰਭਵ ਹੋ ਰਿਹਾ ਹੈ, ਉਹਨਾਂ ਸਮਾਜ ਦੀ ਨਿੱਘਰਦੀ ਜਾ ਰਹੀ ਹਾਲਤ ਤੇ ਚਿੰਤਾ ਪ੍ਰਗਟਾਈ ਅਤੇ ਇਕ ਨਰੋਆ ਸਮਾਜ ਸਿਰਜਨ ਦਾ ਹੋਕਾ ਦਿੱਤਾ, ਉਹਨਾਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਹਮੇਸ਼ਾਂ ਕੁੱਝ ਕਰਦੇ ਰਹਿਣਾ ਹੀ ਭਗਤ ਪੂਰਨ ਸਿੰਘ ਜੀ ਨੂੰ ਅਸਲ ਸ਼ਰਧਾਂਜਲੀ ਹੈ। ਇਸ ਮੌਕੇ ਸਟੇਜ ਸੰਚਾਲਨ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸਕੈਂਡਰੀ ਸਕੂਲ ਮਾਨਾਂਵਾਲਾ ਦੀਆਂ ਵਿਦਿਆਰਥਣਾਂ ਵੱਲੋਂ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗਾਣ ਨਾਲ ਕੀਤੀ ਗਈ।

ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ ਪ੍ਰਧਾਨ ਪਿੰਗਲਵਾੜਾ, ਸ੍ਰ.ਮੁਖਤਾਰ ਸਿੰਘ ਗੋਰਾਇਆ ਆਨਰੇਰੀ ਸਕੱਤਰ, ਸ੍ਰ. ਰਾਜਬੀਰ ਸਿੰਘ ਜੀ ਮੈਂਬਰ ਪਿੰਗਲਵਾੜਾ, ਸ੍ਰ. ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ, ਸ਼੍ਰੀ ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਸ੍ਰ. ਰਜਿੰਦਰ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਸ੍ਰ. ਪਰਮਿੰਦਰਜੀਤ ਸਿੰਘ ਭੱਟੀ, ਸ਼੍ਰੀ ਤਿਲਕ ਰਾਜ ਜਨਰਲ ਮੈਨੇਜਰ, ਸ੍ਰ.ਗੁਰਨਾਇਬ ਸਿੰਘ, ਡਾ. ਨਿਰਮਲ ਸਿੰਘ, ਡਾ. ਇੰਦਰਜੀਤ ਕੌਰ (ਰੇਨੂੰ), ਬੀਬੀ ਸੁਰਿੰਦਰ ਕੌਰ ਭੱਟੀ, ਬੀਬੀ ਰਾਜਵਿੰਦਰ ਕੌਰ ਬਾਜਵਾ (ਰਿਟਾ.) ਇੰਸਪੈਕਟਰ, ਡਾ. ਸ਼ਿਆਮ ਸੁੰਦਰ ਦੀਪਤੀ, ਸ੍ਰ. ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਸ੍ਰ. ਤਜਿੰਦਰਭਾਨ ਸਿੰਘ ਬੇਦੀ, ਸ਼੍ਰੀ ਗੁਲਸ਼ਨ ਰੰਜਨ ਮੈਡੀਕਲ ਸੋਸ਼ਲ ਵਰਕਰ, ਸ਼੍ਰੀ ਪਵਨ ਸ਼ਰਮਾ ਅਤੇ ਸ੍ਰ. ਦਲਵਿੰਦਰ ਸਿੰਘ, ਵਾਰਡ ਅਤੇ ਹੋਸਟਲ ਇੰਚਾਰਜ ਆਦਿ ਹਾਜ਼ਰ ਸਨ।

# ਔਟਵਾ ਨੇੜੇ ਛੋਟਾ ਹਵਾਈ ਜਹਾਜ਼ ਕਰੈਸ਼ ਹੋਣ ਮਗਰੋਂ ਜਹਾਜ ਚ ਸਵਾਰ ਦੋ ਲੋਕ ਜਖਮੀ ਇੱਕ ਦੀ ਮੌਤ



ਹਾਦਸਾ ਗ੍ਰਸਤ ਜਹਾਜ਼।

**ਵੈਨਕੂਵਰ, ਜੁਲਾਈ (ਮਲਕੀਤ ਸਿੰਘ )**-ਅੱਜ ਸਾਮੀ ਕਨੇਡਾ ਦੀ ਰਾਜਧਾਨੀ ਔਟਵਾ ਚ ਸਥਾਨਕ ਹਵਾਈ ਅੱਡੇ ਦੇ ਨਜ਼ਦੀਕ ਇੱਕ ਛੋਟਾ ਹਵਾਈ ਜਹਾਜ਼ ਹਾਦਸਾ ਗ੍ਰਸਤ ਹੋ ਜਾਣ ਮਗਰੋਂ ਜੰਗਲੀ ਦਰਖਤਾਂ ਦੇ ਝੁੰਡ ਚ ਡਿੱਗ ਜਾਣ ਮਗਰੋਂ ਬੁਰੀ ਤਰ੍ਹਾਂ ਟੁੱਟ ਗਿਆ ਜਹਾਜ ਚ ਸਵਾਰ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ ਜਦੋਂ ਕਿ ਤੀਸਰੇ ਵਿਅਕਤੀ ਸਬੰਧੀ ਕੋਈ ਜਾਣਕਾਰੀ ਜਨਤਕ ਨਹੀਂ ਸੀ ਕੀਤੀ ਗਈ ਪਰੰਤੂ ਦੇਰ ਰਾਤ ਮਿਲੀ ਜਾਣਕਾਰੀ ਅਨੁਸਾਰ ਓਹ ਪਾਇਲਟ ਸੀ ਅਤੇ ਓਸਦੀ ਮੌਤ ਦੀ ਪੁਸ਼ਟੀ ਕਰ ਦਿੱਤੀ ਗਈ ਹੈ ਮੌਕੇ ਤੇ ਪੁੱਜੀਆਂ ਬਚਾਅ ਅਮਲੇ ਦੀਆਂ ਟੀਮਾਂ ਵੱਲੋਂ ਰਾਹਤ ਕਾਰਜ ਆਰੰਭ ਕਰਦਿਆਂ ਜ਼ਖਮੀ ਹਾਲਤ ਚ ਮਿਲੇ ਦੋ ਵਿਅਕਤੀਆਂ ਨੂੰ ਹਸਪਤਾਲ ਚ ਦਾਖਲ ਕਰਵਾ ਦਿੱਤਾ ਗਿਆ ਹੈ। ਅਤੇ ਆਮ ਨਾਗਰਿਕਾਂ ਨੂੰ ਘਟਨਾ ਵਾਲੇ ਖੇਤਰ ਚ ਜਾਣ ਤੋਂ ਵਰਜਿਤ ਕਰ ਦਿੱਤਾ ਗਿਆ ਹੈ ।

# ਮਾਲਵਾ ਲਿਖਾਰੀ ਸਭਾ ਸੰਗਰੂਰ ਨੇ ਮਨਾਇਆ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ



**ਸੰਗਰੂਰ, (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਸ਼ਹੀਦ ਊਧਮ ਸਿੰਘ ਸੁਨਾਮ ਨੂੰ ਸ਼ਰਧਾਂਜ਼ਲੀ ਭੇਟ ਕਰਨ ਲਈ ਵਿਸ਼ੇਸ਼ ਇਕੱਤਰਤਾ ਹੋਈ। ਸਮਾਗਮ ਦੇ ਆਰੰਭ ਵਿੱਚ ਰਜਿੰਦਰ ਸਿੰਘ ਰਾਜਨ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਸੰਘਰਸ਼ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਹਾਜ਼ਰ ਸਾਹਿਤਕਾਰਾਂ ਨੇ ਸ਼ਹੀਦ ਊਧਮ ਸਿੰਘ ਵੱਲੋਂ ਦੇਸ਼ ਦੀ ਆਜ਼ਾਦੀ ਲਈ ਨਿਭਾਈ ਬੇਹੱਦ ਮਹੱਤਵਪੂਰਨ ਅਤੇ ਜਿਕਰਯੋਗ ਭੂਮਿਕਾ ਦੀ ਚਰਚਾ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਗੁਰੀ ਚੰਦੜ, ਸੁਰਜੀਤ ਸਿੰਘ ਮੌਜੀ, ਪਵਨ ਕੁਮਾਰ ਹੋਸ਼ੀ, ਬਹਾਦਰ ਸਿੰਘ ਧੌਲਾ, ਰਜਿੰਦਰ ਸਿੰਘ ਰਾਜਨ, ਕਰਮ ਸਿੰਘ ਜ਼ਖ਼ਮੀ, ਧਰਮਵੀਰ ਸਿੰਘ, ਸਰਬਜੀਤ ਸਿੰਘ ਸੰਗਰੂਰਵੀ, ਭੁਪਿੰਦਰ ਨਾਗਪਾਲ, ਲਵਪ੍ਰੀਤ ਸਿੰਘ, ਗੁਰਮੁਖ ਸਿੰਘ ਦਿਲਬਰ, ਲਾਭ ਸਿੰਘ ਝੱਮਟ, ਮੁਲਖ ਰਾਜ ਲਹਿਰੀ, ਸ਼ਿਵ ਕੁਮਾਰ ਅੰਬਾਲਵੀ ਅਤੇ ਰਮਨ ਸਿੰਗਲਾ ਆਦਿ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਹਿੱਸਾ ਲਿਆ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਲੰਗਰ ਲਗਾਇਆ ਗਿਆ

## ਸੰਗਤਾਂ ਸੇਵਾ ਸੰਕਲਪ ਦੇ ਸਿਧਾਂਤ ਨਾਲ ਜੁੜਨ-ਗਿਆਨੀ ਗਗਨਦੀਪ ਸਿੰਘ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਮੁੱਚੇ ਸੰਸਾਰ ਭਰ ਵਿੱਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਜੋੜਨ ਦਾ ਨਿੱਘਾ ਉਪਰਾਲਾ ਕਰ ਰਹੀ ਪ੍ਰਮੁੱਖ ਮਿਉਜ਼ਿਕ ਕੰਪਨੀ ਅੰਮ੍ਰਿਤ ਸਾਗਰ ਦੇ ਪ੍ਰੀਵਾਰ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਿੱਘੇ ਸਹਿਯੋਗ ਨਾਲ ਸੇਵਾ ਤੇ ਸਿਮਰਨ ਦੇ ਮੁਜੱਸਮਾ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੰਗਤਾਂ ਲਈ ਅਤੁੱਟ ਲੰਗਰ ਲਗਾਉਣਾ ਸੇਵਾ ਕਾਰਜ ਦਾ ਇੱਕ ਉੱਦਮੀ ਉਪਰਾਲਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗਿਆਨੀ ਗਗਨਦੀਪ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਨੇ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਲਗਾਏ ਗਏ ਗੁਰੂ ਦੇ ਅਤੁੱਟ ਲੰਗਰ ਨੂੰ ਵਰਤਾਉਣ ਲਈ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ੍ਰ: ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਬਰਾਂ ਵੱਲੋਂ ਪੂਰੀ ਸੇਵਾ ਭਾਵਨਾ ਦੇ ਨਾਲ ਹਰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਲੰਗਰ ਲਗਾਉਣ ਦੀ ਸੇਵਾ ਕਰਨਾ, ਸੇਵਾ ਦੇ ਸੰਕਲਪ ਨਾਲ ਜੁੜਨ ਦੀ ਪ੍ਰਤੱਖ ਮਿਸਾਲ ਹੈ।ਇਸ ਦੌਰਾਨ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ੍ਰ: ਬਲਬੀਰ ਸਿੰਘ ਭਾਟੀਆ ਨੇ ਦੱਸਿਆ ਕਿ "ਸੇਵਕ ਕਉ ਸੇਵਾ ਬਨਿ ਆਈ" ਦੇ ਸਿਧਾਂਤ ਤੇ ਚੱਲਦਿਆਂ ਸਤਿਗੁਰੂ ਸੱਚੇ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਸੰਗਤਾਂ ਲਈ ਹਰ ਮਹੀਨੇ ਗੁਰੂ ਦਾ ਅਤੁੱਟ ਲੰਗਰ ਲਗਾਇਆ ਜਾਂਦਾ ਹੈ।ਉਨ੍ਹਾਂ ਨੇ ਦੱਸਿਆ ਕਿ ਇਸ ਸਮੁੱਚੇ ਸੇਵਾ ਕਾਰਜ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਤੇ ਸੰਗਤਾਂ ਆਪਣਾ ਨਿੱਘਾ ਸਹਿਯੋਗ ਪਾ ਕੇ ਲੰਗਰ ਵਰਤਾਉਣ ਦੀ ਸੇਵਾ ਕਰਦੀਆਂ ਹਨ। ਇਸ ਤੋਂ ਪਹਿਲਾਂ ਗੁਰੂ ਦਾ ਅਤੁੱਟ ਲੰਗਰ ਸੰਗਤਾਂ ਨੂੰ ਵਰਤਾਉਣ ਲਈ ਕੀਤੀ ਗਈ ਅਰਦਾਸ ਮੌਕੇ ਸ੍ਰ: ਬਲਬੀਰ ਸਿੰਘ ਭਾਟੀਆ, ਕਿਰਨਪ੍ਰੀਤ ਸਿੰਘ ਭਾਟੀਆ, ਮਨੀਕਰਨ ਸਿੰਘ, ਹਰਬਿੰਦਰ ਸਿੰਘ, ਰਵਿੰਦਰ ਸਿੰਘ, ਰਣਜੀਤ ਸਿੰਘ ਰਿੰਕੂ, ਸੁਖਜੋਤ ਸਿੰਘ, ਉੱਤਮਜੀਤ ਸਿੰਘ, ਇੰਦਰਬੀਰ ਸਿੰਘ ਬੱਤਰਾ, ਅਭਿਸ਼ੇਕ ਗੁਪਤਾ, ਜਗਤਾਰ ਸਿੰਘ, ਰਤਨ ਸਿੰਘ, ਨਿਵਾਜ਼ ਸਿੰਘ ਭਾਟੀਆ, ਮਿਨਾਕਸ਼ੀ ਕੌਰ ,ਬੀਬੀ ਪਰਮਜੀਤ ਕੌਰ, ਜਸਮੀਤ ਕੌਰ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਦੁਆਰਾ ਚੱਕ ਸਾਹਬੂ ਦੇ ਛਿੰਝ ਮੇਲੇ 'ਚ ਖ਼ੂਨਦਾਨ ਕੈਂਪ 16 ਅਗਸਤ ਤੋਂ ਲੈ ਕੇ 17 ਅਗਸਤ ਤੱਕ



**ਫਿਲੌਰ/ਅੱਪਰਾ (ਦੀਪਾ)-** ਕਰੀਬੀ ਪਿੰਡ ਚੱਕ ਸਾਹਬੂ ਵਿਖੇ ਸਥਿਤ ਸ਼ਾਹੀ ਦਰਬਾਰ ਗੁੱਗਾ ਦਾਹਰ ਪੀਰ ਜੀ ਦੇ ਅਸਥਾਨ 'ਤੇ ਹੋ ਰਹੇ ਛਿੰਝ ਮੇਲੇ ਦੌਰਾਨ ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸੇਵਕਾਂ ਦੁਆਰਾ ਖ਼ੂਨਦਾਨ ਕੈਂਪ 16 ਅਗਸਤ ਤੋਂ ਲੈ ਕੇ 17 ਅਗਸਤ ਤੱਕ ਲਗਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਮੂਹ ਸੇਵਾਦਾਰਾਂ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਬਲੱਡ ਟੀਮ ਨਵਾਂਸ਼ਹਿਰ, ਗ੍ਰਾਮ ਪੰਚਾਇਤ ਤੇ ਸਮੂਹ ਗੁੱਗਾ ਜਾਹਰ ਪੀਰ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਕੈਂਪ ਮਿਤੀ 16 ਅਗਸਤ ਦਿਨ ਸ਼ਨੀਵਾਰ ਸ਼ਾਮ 5 ਵਜੇ ਤੋਂ ਲੈ ਕੇ 17 ਅਗਸਤ ਦਿਨ ਐਤਵਾਰ ਸ਼ਾਮ ਤੱਕ ਲਗਾਇਆ ਜਾਵੇਗਾ । ਇਸ ਮੌਕੇ ਇਲਾਕੇ ਭਰ ਦੇ ਖ਼ੂਨਦਾਨੀ ਸਵੈ-ਇਛੁੱਕ ਖ਼ੂਨਦਾਨ ਕਰ ਸਕਦੇ ਹਨ । ਇਸ ਮੌਕੇ ਰਿਫ਼ਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ ਹੈ ।

# ਸਟੇਟ ਅਵਾਰਡੀ ਭੰਗਲ ਵੱਲੋਂ ਸਕੂਲ ਦੇ ਵਿਕਾਸ ਲਈ 11000 ਰੁਪਏ ਦੀ ਰਾਸ਼ੀ ਭੇਂਟ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਵਿਖੇ ਇੱਕ ਸਾਦਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਵੱਲੋਂ ਸਕੂਲ ਦੇ ਵਿਕਾਸ ਲਈ ਅਤੇ ਕਬੱਡੀ ਕੋਚ ਤੇ ਕਰਾਟੇ ਖਿਡਾਰੀਆਂ ਅਤੇ ਕੋਚਾਂ ਦੇ ਖਰਚ ਲਈ ਤੇ 11000 ਰੁਪਏ ਦੀ ਰਾਸ਼ੀ ਭੇਂਟ ਕੀਤੀ। ਉਹਨਾਂ ਵੱਲੋਂ ਵਣ ਮਹਾਂ ਉਤਸਵ ਨੂੰ ਸਮਰਪਿਤ ਸਕੂਲ ਵਿੱਚ ਸੀਤਾਫਲ ਦਾ ਪੌਦਾ ਵੀ ਲਗਾਇਆ ਗਿਆ। ਉਹਨਾਂ ਵਿਦਿਆਰਥੀਆਂ ਨੂੰ ਵੀ ਆਪਣੇ ਅੰਦਰ ਵਾਤਾਵਰਣ ਪ੍ਰਤੀ ਪਿਆਰ ਅਤੇ ਦਾਨ ਭਾਵਨਾ ਪੈਦਾ ਕਰਨ ਦਾ ਸੰਦੇਸ਼ ਦਿੱਤਾ। ਸਕੂਲ ਇੰਚਾਰਜ ਨੀਰਜ ਕੁਮਾਰੀ ਅਤੇ ਸਟਾਫ ਮੈਂਬਰਾਂ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨੀਰਜ ਕੁਮਾਰੀ ਸਟੇਟ ਅਵਾਰਡੀ,ਹਰਜੀਤ ਕੌਰ ਅਤੇ ਮਨਜਿੰਦਰ ਕੌਰ ਹਾਜ਼ਰ ਸਨ।



# ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਕੈਪੀਟਲ ਹਿੱਲ ਵਾਈਟ ਹਾਊਸ ਵਿਖੇ ਜਥੇਦਾਰ ਦਾਦੂਵਾਲ ਦਾ ਸਿਲਵਰ ਪਲੇਟ ਨਾਲ ਸਨਮਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਕੁੱਝ ਦਿਨਾਂ ਲਈ ਅਮਰੀਕਾ ਦੀ ਧਰਤੀ ਤੇ ਆਪਣੇ ਨਿੱਜੀ ਦੌਰੇ ਤੇ ਪੁੱਜੇ ਹੋਏ ਹਨ । ਜਥੇਦਾਰ ਦਾਦੂਵਾਲ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅਮਰੀਕਾ ਦੇ ਵੱਖ-ਵੱਖ ਥਾਵਾਂ ਤੇ ਸਨਮਾਨਿਤ ਸ਼ਖ਼ਸੀਅਤਾਂ ਵੱਲੋਂ ਉਹਨਾਂ ਦੇ ਵਿਸ਼ੇਸ਼ ਸਨਮਾਨ ਕੀਤੇ ਜਾ ਰਹੇ ਹਨ। ਏਸੇ ਕੜੀ ਤਹਿਤ ਜਥੇਦਾਰ ਦਾਦੂਵਾਲ ਨੇ ਜਥੇਦਾਰ ਚਰਨ ਸਿੰਘ ਅਤੇ ਡਾਕਟਰ ਸੁਰਿੰਦਰਪਾਲ ਸਿੰਘ ਉੱਘੇ ਸਿੱਖ ਚਿੰਤਕ ਨਾਲ ਅਮਰੀਕਾ ਦੇ ਰਾਸ਼ਟਰਪਤੀ ਨਿਵਾਸ ਵਾਈਟ ਹਾਊਸ ਅਤੇ ਸੈਨਟ ਹਾਊਸ, ਕੈਪੀਟਲ ਹਿੱਲ ਦਾ ਦੌਰਾ ਕੀਤਾ । ਇਹ ਦੌਰਾ ਅਮਰੀਕਾ



ਸੈਨੇਟ ਹਾਊਸ ਦੇ ਸੀਨੀਅਰ ਕਾਂਗਰਸਮੈਨ ਸਟੈਨੀ ਐਚ ਹੋਇਰ ਵੱਲੋਂ ਸਪਾਂਸਰ ਕੀਤਾ ਗਿਆ । ਦੌਰੇ ਦੌਰਾਨ ਜਥੇਦਾਰ ਦਾਦੂਵਾਲ ਜੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਮਰੀਕਾ ਨੂੰ ਦੁਨੀਆਂ ਦੀ ਵੱਡੀ ਸੰਸਾਰੀ ਤਾਕਤ ਵਜੋਂ ਜਾਣਿਆ ਜਾਂਦਾ ਹੈ ਅਤੇ ਭਾਰਤ ਅਮਰੀਕਾ ਦੇ ਸੰਬੰਧ ਸਦਾ ਹੀ ਸੁਖਾਵੇਂ ਰਹੇ ਹਨ। ਉਹਨਾਂ ਨੇ ਕਿਹਾ ਕੇ ਭਵਿੱਖ ਵਿੱਚ ਜਦੋਂ ਵੀ ਅਮਰੀਕੀ ਰਾਸ਼ਟਰਪਤੀ ਜਾਂ ਅਮਰੀਕਾ ਸਰਕਾਰ ਦਾ ਕੋਈ ਪ੍ਰਤੀਨਿਧੀ ਭਾਰਤ ਆਉਂਦਾ ਹੈ ਤਾਂ ਉਹ ਪੰਜਾਬ ਅਤੇ ਹਰਿਆਣਾ ਦੇ ਇਤਿਹਾਸਕ ਸਥਾਨਾਂ ਦੇ ਦੌਰੇ ਲਈ ਉਹਨਾਂ ਨੂੰ ਜ਼ਰੂਰ ਬੇਨਤੀ ਲਾਉਣਗੇ । ਵਾਈਟ ਹਾਊਸ ਦੌਰੇ ਦੌਰਾਨ ਸਿੱਖ ਚਿੰਤਕ ਡਾ: ਸੁਰਿੰਦਰਪਾਲ ਸਿੰਘ ਗਿੱਲ ਕੋ ਚੇਅਰਪਰਸਨ ਇੰਟਰਨੈਸ਼ਨਲ ਫੋਰਮ ਯੂ.ਐਸ.ਏ, ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨਆਰਆਈ ਵਿੰਗ ਯੂ.ਐਸ.ਏ. ਵੱਲੋਂ ਜਥੇਦਾਰ ਦਾਦੂਵਾਲ ਨੂੰ ਯਾਦਗਾਰੀ ਸਿਲਵਰ ਪਲੇਟ ਦੇ ਕੇ ਵਿਸ਼ੇਸ਼ ਸਨਮਾਨ ਕੀਤਾ।

# ਸੰਤ ਧਿਆਨ ਦਾਸ ਦੇ ਬਰਸੀ ਸਮਾਗਮ ਤੇ ਧਾਰਮਿਕ,ਸਮਾਜਿਕ,ਰਾਜਨੀਤਕ ਸਖਸ਼ੀਅਤਾਂ ਨੇ ਭਰੀ ਹਾਜਰੀ

## ਰਹਿਬਰਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਹੋਈ ਚਰਚਾ

**ਹੁਸ਼ਿਆਰਪੁਰ / ਲੁਧਿਆਣਾ 1 ਅਗਸਤ ( ਤਰਸੇਮ ਦੀਵਾਨਾ )** ਬ੍ਰਹਮਲੀਨ, ਨਾਮ ਦੇ ਰਸੀਏ,ਆਦਿ ਧਰਮ ਲਹਿਰ ਦੇ ਮਹਾਨ ਪੈਰੋਕਾਰ ਸੰਤ ਧਿਆਨ ਦਾਸ ਜੀ ਅੱਪਰੇ ਵਾਲਿਆਂ ਦੇ 30ਵੇਂ ਬਰਸੀ ਸਮਾਗਮ ਡੇਰਾ ਸੰਤ ਟਹਿਲ ਦਾਸ ਸਲੇਮਟਾਵਰੀ ਵਿਖੇ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਸਰਵਣ ਦਾਸ ਸੀਨੀਅਰ ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ,ਸੰਤ ਸਹਿਜਦੀਪ, ਸੇਵਾਦ-ਾਰ ਸੰਤ ਹਰਜੀਤ ਸਿੰਘ, ਭਾਈ ਹਰਦੀਪ ਸਿੰਘ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾ ਵਾਚਕ ਅਤੇ ਗੁਰੂ ਰਵਿਦ-ਾਸ ਸਾਧੂ ਸੰਪਰਦਾਇ ਸੁਸਾਇਟੀ, ਵੱਖ ਵੱਖ ਡੇਰਿਆਂ, ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਨਾਮਬਾਣੀ ਨਾਲ ਨਿਹਾਲ ਕੀਤਾ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਕੌਮ ਦੇ ਮਹਾਨ ਰਹਿਬਰਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਚਰਚਾ ਕੀਤੀ ਅਤੇ ਸੰਤ ਧਿਆਨ ਦਾਸ ਦੇ ਜੀਵਨ ਸੰਘਰਸ਼ ਤੋਂ ਸੰਗਤਾਂ ਨੂੰ ਜਾਣੂ ਕਰਾਇਆ।



ਇਸ ਮੌਕੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦ-ਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ,ਸੰਤ ਰਾਮ ਸੇਵਕ ਹਰੀਪੁਰ ਖਾਲਸਾ,ਸੰਤ ਰਮੇਸ਼ ਦਾਸ ਕੱਲਰਾਂ ਸ਼ੇਰਪੁਰ ਢਕੌਂ, ਸੰਤ ਸੰਤੋਖ ਦਾਸ ਭਾਰਟਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ,ਸੰਤ ਕੁਲਦੀਪ ਦਾਸ ਬਸੀ ਮਰੂਫ,ਸੰਤ ਜਗਤਾਰ ਸਿੰਘ ਪ੍ਰਧਾਨ, ਸੰਤ ਚਰਨ ਦਾਸ ਮਾਂਗਟ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ,ਭਾਈ ਸਾਹਿਬ ਸਿੰਘ ਬਜਵਾੜਾ, ਗਿਆਨੀ ਪਰਮਜੀਤ ਸਿੰਘ, ਭਾਈ ਕੀਰਤਿ ਸਿੰਘ, ਭਾਈ ਪ੍ਰੇਮ ਸਿੰਘ ਖਾਲਸਾ ਨੇ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਡੇਰੇ ਦੇ ਗੱਦੀ ਨਸ਼ੀਨ ਸੰਤ ਸਰਵਣ ਦਾਸ,ਸੰਤ ਸਹਿਜਦੀਪ, ਸੇਵਾਦਾਰ ਸੰਤ ਹਰਜੀਤ ਸਿੰਘ, ਭਾਈ ਹਰਦੀਪ ਸਿੰਘ ਵਲੋਂ ਸੰਤਾਂ ਮਹਾਂਪੁਰਸ਼ਾਂ ,ਸਮਾਜਿਕ , ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੇਵਾਦਾਰ ਲਾਲਾ ਸੁਰਿੰਦਰ ਅਟਵਾਲ ਕੌਂਸਲਰ,ਅਮਨ ਬੱਗਾ ਕੌਂਸਲਰ,ਸੁਰਿੰਦਰ ਬਾਲੀ ਕੌਂਸਲਰ, ਹੰਸ ਰਾਜ ਕੌਂਸਲਰ, ਨਰੇਸ਼ ਬਸਰਾ, ਬਲਵਿੰਦਰ ਬਿੱਟਾ, ਬਲਵੀਰ ਮਹੇ ਪ੍ਰਧਾਨ ਲੁਧਿਆਣਾ, ਕਾਕੂ ਬੰਗੜ, ਰੁਲਦੂ ਰਾਮ ਕਾਦੀਆਂ, ਪ੍ਰਗਨ ਬਿਲਗਾ, ਕੋਕੀ ਮਹਿੰਮੀ, ਗੁਰਮੇਲ ਸਿੰਘ, ਮਾਸਟਰ ਰਾਮ ਕਿਸ਼ਨ ਪਲੀ ਝਿੱਕੀ, ਗੁਲਸ਼ਨ ਸਿੰਘ ਵੀ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਟ੍ਰੈਫਿਕ ਇੰਚਾਰਜ ਸੁਭਾਸ਼ ਭਗਤ ਇੱਕ ਵਧੀਆ ਪੁਲਿਸ ਅਧਿਕਾਰੀ ਜਿਹਦੇ ਤਬਾਦਲੇ ਨੇ ਆਮ ਲੋਕਾਂ ਵਿੱਚ ਨਿਰਾਸ਼ਾ ਭਰ ਦਿੱਤੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਨਰਮ ਬੋਲਣ ਵਾਲਾ, ਨਿਮਰ, ਸਾਦਾ ਸੁਭਾਅ ਵਾਲਾ ਵਿਅਕਤੀ ਕਾਨੂੰਨ ਦੀ ਪਾਲਣਾ ਕਰਵਾਉਣ ਵਾਲਾ, ਆਮ ਲੋਕਾਂ ਸਾਹਮਣੇ ਪੁਲਿਸ ਦਾ ਸਾਫ਼-ਸੁਥਰਾ ਅਕਸ ਪੇਸ਼ ਕਰਦਾ ਹੈ, ਹਮੇਸ਼ਾ ਤਿਆਰ ਰਹਿੰਦਾ ਹੈ, ਅਤੇ ਹੁਸ਼ਿਆਰਪੁਰ ਸ਼ਹਿਰ ਦੇ ਚੌਕਾਂ ਅਤੇ ਸੜਕਾਂ 'ਤੇ ਟ੍ਰੈਫਿਕ ਦੇ ਸੁਚਾਰੂ ਢੰਗ ਨਾਲ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਪੰਜਾਬ ਪੁਲਿਸ ਹੁਸ਼ਿਆਰਪੁਰ ਦੇ ਟ੍ਰੈਫਿਕ ਇੰਚਾਰਜ ਸੁਭਾਸ਼ ਭਗਤ ਦੀ ਪ੍ਰਸ਼ੰਸਾ ਵਿੱਚ ਜੋ ਵੀ ਸ਼ਬਦ ਲਿਖੇ ਜਾਣ ਉਹ ਘੱਟ ਜਾਣਗੇ। ਟ੍ਰੈਫਿਕ ਇੰਚਾਰਜ ਦੇ ਅਹੁਦੇ ਤੋਂ ਉਨ੍ਹਾਂ ਦਾ ਅਚਾਨਕ ਤ ਬ ਾ ਦ ਲ ਾ ਹੁਸ਼ਿਆਰਪੁਰ ਦੇ ਲੋਕਾਂ ਨੂੰ ਮਨਜ਼ੂਰ ਨਹੀਂ ਹੈ। ਇੱਕ ਅਜਿਹਾ ਵਿਅਕਤੀ ਜਿਸਨੇ ਇੱਕ ਪਰਿਵਾਰ ਦੇ ਮੁਖੀ ਵਾਂਗ ਬਹੁਤ ਹੀ ਨਿਮ-ਰਤਾ ਨਾਲ ਵਿਗੜੇ ਹੋਏ ਨੌਜਵਾਨਾਂ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਨੂੰ ਸਮਝਾਉਣ ਦੀ ਸਫਲ ਕੋਸ਼ਿਸ਼ ਕੀਤੀ ਅਤੇ ਇਹ ਵੀ ਯਕੀਨੀ ਬਣਾਇਆ ਕਿ ਉਨ੍ਹਾਂ




ਦੀ ਪਾਲਣਾ ਕੀਤੀ ਜਾਵੇ। ਉਸਨੇ ਬੇਈਮਾਨ (ਹੰਕਾਰੀ) ਕਿਸਮ ਦੇ ਲੋਕਾਂ (ਜਿਨ੍ਹਾਂ ਨੇ ਕਾਨੂੰਨ ਦੀ ਪਾਲਣਾ ਨਾ ਕਰਨ ਦੀ ਸਹੁੰ ਖਾਧੀ ਸੀ) ਦੇ ਚਲਾਨ ਵੀ ਕੀਤੇ , ਜਿਨ੍ਹਾਂ ਨੂੰ ਸੁਭਾਸ਼ ਭਗਤ 'ਗਿਫਟ ' ਕਹਿੰਦਾ ਸੀ ।ਜੇਕਰ ਕੋਈ ਵਿਅਕਤੀ ਸੋਸ਼ਲ ਮੀਡੀਆ 'ਤੇ ਕੋਈ ਵੀਡੀਓ ਅਪਲੋਡ ਕਰਦਾ ਸੀ ਜਿਸ ਵਿੱਚ ਕੋਈ ਵਿਅਕਤੀ ਕਾਨੂੰਨ ਦੀ ਉਲੰਘਣਾ ਕਰਦਾ ਦਿਖਾਈ ਦਿੰਦਾ ਸੀ ਜਾਂ ਕੋਈ ਨੌਜਵਾਨ ਸਟੰਟ ਕਰ ਰਿਹਾ ਹੁੰਦਾ ਸੀ, ਤਾਂ ਉਹ ਉਸਦੀ ਪਛਾਣ ਕਰਦਾ ਸੀ ਅਤੇ ਚਲਾਨ ਦੇ ਰੂਪ ਵਿੱਚ ਉਸਦੇ ਘਰ ਜਾਕੇ 'ਗਿਫ਼ਟ ' ਪਹੁੰਚਾਉਂਦਾ ਸੀ। ਅਜਿਹਾ ਕਰਕੇ, ਜਿੱਥੇ ਉਹ ਗੁੰਡਾ ਕਿਸਮ ਦੇ ਨੌਜਵਾਨਾਂ ਨੂੰ ਕਾਬੂ ਕਰਨ ਵਿੱਚ ਸਫਲ ਹੋਇਆ, ਉੱਥੇ ਹੀ ਉਸਨੇ ਆਮ ਨਾਗਰਿਕਾਂ, ਜਿਨ੍ਹਾਂ ਵਿੱਚ ਬਜ਼ੁਰਗਾਂ ਅਤੇ ਔਰਤਾਂ ਵੀ ਸ਼ਾਮਲ ਹਨ, ਨੂੰ ਸੜਕਾਂ 'ਤੇ ਤੁਰਨ ਵਿੱਚ ਵੱਡੀ ਰਾਹਤ ਦਿੱਤੀ। ਪ੍ਰਸ਼ਾਸਨ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਅਜਿਹੇ ਮਿਹਨਤੀ, ਇਮਾਨਦਾਰ ਅਤੇ ਵਫ਼ਾਦਾਰ ਅਧਿਕਾਰੀ ਦਾ ਤਬਾਦਲਾ ਰੱਦ ਕੀਤਾ ਜਾਵੇ ਅਤੇ ਉਸਨੂੰ ਦੁਬਾਰਾ ਟ੍ਰੈਫਿਕ ਇੰਚਾਰਜ ਦਾ ਚਾਰਜ ਦਿੱਤਾ ਜਾਵੇ।

# ਅੱਪਰਾ 'ਚ ਇੱਕ ਵਾਰ ਫਿਰ ਤੋਂ ਪੰਚਾਇਤੀ ਜ਼ਮੀਨ 'ਤੇ ਚੱਲਿਆ 'ਪੀਲਾ ਪੰਜਾ'

**●3 ਕਨਾਲ 14 ਮਰਲੇ ਪੰਚਾਇਤੀ ਜ਼ਮੀਨ 'ਚ 30 ਮਰਲੇ ਜ਼ਮੀਨ ਦਾ ਨਜ਼ਾਇਜ਼ ਕਬਜ਼ਾ ਛੁਡਵਾਇਆ●ਜਲਦ ਹੀ ਹੋਰ ਪੰਚਾਇਤੀ ਜਮੀਨਾਂ ਦੇ ਕਬਜ਼ੇ ਛੁਡਾ ਕੇ ਕੀਤਾ ਜਾਵੇ ਪਿੰਡ ਦੇ ਸਪੁਰਦ-ਸਰਪੰਚ ਵਿਨੈ ਕੁਮਾਰ ਬੰਗੜ**





**ਫਿਲੌਰ/ਅੱਪਰਾ (ਦੀਪਾ)**-ਬੀਤੇ ਕੁਝ ਦਿਨ ਪਹਿਲਾਂ ਗ੍ਰਾਮ ਪੰਚਾਇਤ ਅੱਪਰਾ ਨੇ ਪੰਚਾਇਤ ਵਿਭਾਗ ਫਿਲੌਰ ਦੀ ਦੇਖ ਰੇਖ ਹੇਠ ਪੰਚਾਇਤ ਮਾਰਕੀਟ ਨੂੰ 'ਅਸੁਰੱਖਿਅਤ' (ਅਨਸੇਫ) ਘੋਸ਼ਿਤ ਕਰਕੇ ਢਹਿ ਢੇਰੀ ਕਰ ਦਿੱਤਾ ਸੀ । ਜਦਕਿ ਇਸ ਦੇ ਪਿੱਛੇ ਅਸਲ ਕਾਰਣ ਦੁਕਾਨਦਾਰਾਂ ਵਲੋਂ ਕਿਰਾਇਆ ਨਾ ਦੇਣਾ ਤੇ ਨਾ ਹੀ ਕਬਜ਼ਾ ਛੱਡਣਾ ਸੀ । ਹੁਣ ਫਿਰ ਗ੍ਰਾਮ ਪੰਚਾਇਤ ਅੱਪਰਾ ਨੇ ਗ੍ਰਾਮ ਪੰਚਾਇਤ ਦੀ ਜ਼ਮੀਨ 'ਤੇ ਹੋਏ ਨਜ਼ਾਇਜ਼ ਕਬਜ਼ੇ 'ਤੇ 'ਪੀਲਾ ਪੰਜਾ' ਚਲਾ ਕੇ ਆਪਣੇ ਕਬਜ਼ੇ 'ਚ ਲੈ ਲਿਆ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਵਿਨੈ ਕੁਮਾਰ ਬੰਗੜ ਨੇ ਦੱਸਿਆ ਕਿ ਪੁਰਾਣੀ ਸਬਜ਼ੀ ਮੰਡੀ (ਨੇੜੇ ਅਜ਼ਾਦ ਗੇਟ) ਤੋਂ ਸੀ. ਐੱਚ. ਸੀ ਅੱਪਰਾ ਰੋਡ 'ਤੇ ਪੰਚਾਇਤ ਦੀ 3 ਕਨਾਲ 14 ਮਰਲੇ ਜਮੀਨ ਸਥਿਤ ਹੈ । ਇਸ ਜ਼ਮੀਨ 'ਤੇ ਇੱਕ ਪਰਿਵਾਰ ਵਲੋਂ ਨਜ਼ਾਇਜ਼ ਕਬਜ਼ਾ ਕੀਤਾ ਹੋਇਆ ਸੀ, ਜਿਸ ਨੇ ਗ੍ਰਾਮ ਪੰਚਾਇਤ ਨਾਲ ਸਹਿਮਤੀ ਜਤਾ ਦਿੱਤਾ । ਇਸ ਤਰਾਂ ਗ੍ਰਾਮ ਪੰਚਾਇਤ ਅੱਪਰਾ ਨੇ ਜੇ. ਸੀ. ਬੀ ਚਲਾ ਕੇ ਉਕਤ ਨਜ਼ਾਇਜ਼ ਕਬਜ਼ੇ ਨੂੰ ਹਟਾ ਦਿੱਤਾ । ਇਸ ਮੌਕੇ ਬੋਲਦਿਆਂ ਸਰਪੰਚ ਵਿਨੈ ਕੁਮਾਰ ਬੰਗੜ ਨੇ ਕਿਹਾ ਕਿ ਗ੍ਰਾਮ ਪੰਚਾਇਤ ਅੱਪਰਾ ਦਾ ਮੁੱਖ ਮਕਸਦ ਪਿੰਡ ਲਈ ਆਮਦਨ ਦੇ ਵਸੀਲਿਆਂ ਨੂੰ ਹੋਰ ਬੇਹਤਰ ਬਣਾਉਣਾ ਤੇ ਵਧਾਉਣਾ ਹੈ । ਉਨਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਗ੍ਰਾਮ ਪੰਚਾਇਤ ਅੱਪਰਾ ਦੀ ਜ਼ਮੀਨ 'ਤੇ ਹੋਏ ਹੋਰ ਵੀ ਨਜ਼ਾਇਜ਼ ਕਬਜ਼ੇ ਹਟਾ ਕੇ ਜ਼ਮੀਨ ਨੂੰ ਪਿੰਡ ਦੇ ਸਪੁਰਦ ਕੀਤਾ ਜਾਵੇਗਾ । ਇਸ ਮੌਕੇ ਨੀਲਮ ਦੇਵੀ ਪੰਚ, ਸੀਮਾ ਰਾਣੀ ਪੰਚ, ਹਰਬੰਸ ਲਾਲ ਪੰਚ, ਰੂਪ ਲਾਲ ਪੰਚ, ਮੋਹਣ ਲਾਲ ਪੰਚ, ਕੁਲਦੀਪ ਸਿੰਘ ਜੌਹਲ ਪੰਚ, ਪਰਮਜੀਤ ਸਿੰਘ ਕਾਲਾ ਪੰਚ, ਹਰਜੀਤ ਸਿੱਧੂ ਪੰਚ, ਕਾਜਲ ਅਰੋੜਾ ਪੰਚ, ਪਰਮਜੀਤ ਪੰਚ, ਲਖਨਜੀਤ ਕੌਰ ਦਾਦਰਾ ਪੰਚ, ਮੁਕੇਸ਼ ਦਾਦਰਾ ਭਾਜਪਾ ਆਗੂ, ਰੂਪ ਲਾਲ ਬੰਗੜ, ਸੋਮ ਨਾਥ ਸਾਬਕਾ ਪੰਚ, ਬ੍ਰਿਜ ਮੋਹਨ ਜਸਰਾ, ਰਾਜੇਸ਼ ਕੁਮਾਰ ਜੌਨੀ, ਸਨੀ ਅਪਰਾ ਤੇ ਹੋਰ ਮੋਹਤਬਰ ਹਾਜ਼ਰ ਸਨ ।

# ਐਡੀਲੇਡ ਸਿਆਸੀ ਸਮਾਗਮ ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੌਜੂਦਾ ਸਰਕਾਰ ਦੀਆਂ ਗਲਤ ਨੀਤੀਆਂ ਨਾਲ ਪੰਜਾਬ ਦੇ ਹੋਏ ਨੁਕਸਾਨ ਖਿਲਾਫ ਖੁੱਲ੍ਹ ਕੇ ਵਿਰੋਧ ਕੀਤਾ

**ਐਡੀਲੇਡ (ਹਰਜਿੰਦਰ ਪਾਲ ਛਾਬੜਾ)**

ਐਡੀਲੇਡ 1 ਅਗਸਤ (ਅਵਤਾਰ ਸਿੰਘ ਰਾਜੂ) ਐਡੀਲੇਡ ਪਾਮ ਬੈਨਕੁਏਟ ਹਾਲ ਚ ਦੂਸਰੇ ਸਿਆਸੀ ਸਮਾਗਮ ਚ ਸਹਿਯੋਗੀਆਂ ਨੇ ਵੱਡੀ ਗਿਣਤੀ ਨਾਲ ਸ਼ਮੂਲੀਅਤ ਕੀਤੀ।ਉੱਘੇ ਸਿਆਸਤਦਾਨ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਤੇ ਵਿਕਰਮਜੀਤ ਸਿੰਘ ਚੌਧਰੀ ਦੋਵਾਂ ਆਗੂਆਂ ਦਾ ਐਡੀਲੇਡ ਆਸਟਰੇਲੀਆ ਦੇ ਕਾਂਗਰਸੀ ਆਗੂ,ਸਮਾਜਿਕ ਰਾਜਸੀ ਆਗੂਆਂ ਚ ਸਮਾਗਮ ਦੇ ਮੁੱਖ ਪ੍ਰਬੰਧਕ ਅਜੇਪਾਲ ਸਿੰਘ ਕਾਹਲੋਂ (ਗਰੰਥਗੜ),ਮਨੋਜ ਸ਼ੇਰੋਂ ਆਈ.ਓ.ਸੀ. ਆਸਟਰੇਲੀਆ ਦੇ ਰਾਸ਼ਟਰੀ ਪ੍ਰਧਾਨ,ਸੁਖਬੀਰ ਸਿੰਘ ਸੰਧੂ ਆਈ.ਓ.ਸੀ.ਆਸਟਰੇਲੀਆ ਦੇ ਰਾਸ਼ਟਰੀ ਉਪ ਪ੍ਰਧਾਨ,ਬਲਵਿੰਦਰ ਸਿੰਘ ਪੱਪੂ ਜਨਰਲ ਸਕੱਤਰ ਪੀ ਬੀ (ਚੈਪਟਰ),ਸਕੱਤਰ ਪੀ ਬੀ (ਚੈਪਟਰ),ਬਲਜਿੰਦਰ ਸਿੰਘ ਸੰਧੂ ਮਿਲਡੂਰਾ,ਜਗਤਾਰ ਸਿੰਘ ਨਾਗਰੀ ਐਡੀਲੇਡ,ਪ੍ਰੀਤਕਮਲ ਸਿੰਘ ਮਿਲਡੂਰਾ, ਲਖਵੀਰ ਸਿੰਘ ਤੂਰ,ਜਸਬੀਰ ਸਿੰਘ ਗੋਰਾਇਆ, ਪਰਗਟ ਸਿੰਘ,ਮਨਿੰਦਰ ਸਿੰਘ, ਯਾਦਵਿੰਦਰ ਸਿੰਘ ਵਲੋਂ ਸਮਾਗਮ ਦਾ ਆਯੋਜਨ ਤੇ ਨਿਘਾ ਸਵਾਗਤ ਕੀਤਾ।ਸਟੇਜ ਦੀ ਜਿੰਮੇਵਾਰੀ ਜਗਤਾਰ ਸਿੰਘ ਨਾਗਰੀ ਤੇ ਮਨਦੀਪ ਸਿੰਘ ਨੇ ਸਰਦਾਰ ਪ੍ਰਤਾਪ ਸਿੰਘ ਬਾਜਵਾ ਤੇ ਵਿਕਰਮਜੀਤ ਸਿੰਘ ਚੌਧਰੀ ਦੋਵਾਂ ਆਗੂਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਬਾਖੂਬੀ ਨਿਭਾਈ । ਇਸ ਮੌਕੇ ਵਿਕਰਮਜੀਤ ਸਿੰਘ ਚੌਧਰੀ ਨੇ ਸਭਨਾਂ ਵਲੋਂ ਮਿਲੇ ਪਿਆਰ ਤੇ ਮਾਣ ਦਾ ਧੰਨਵਾਦ ਕਰਦਿਆਂ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਸਪਸ਼ਟ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਨੇ ਪੰਜਾਬ ਪੰਜਾਬ ਨੂੰ ਹੋਰ ਕਰਜਾਈ ਬਣਾ ਦਿੱਤਾ ਹੈ ਜਿਸ ਦਾ ਬਦਲ ਜਰੂਰੀ ਹੈ।ਸ: ਬਾਜਵਾ ਨੇ ਅਨੇਕਾਂ ਉਦਾਹਰਨਾਂ ਦਿੰਦੇ ਹੋਏ ਕਿਹਾ ਪੰਜਾਬ ਸਰਕਾਰ ਪੰਜਾਬ ਨੂੰ ਖੁਸ਼ਹਾਲ ਬਣਾਉਣ ਵਿਚ ਅਸਮਰਥ ਰਹੀ ਵਾਦਿਆਂ ਤੋਂ ਕਿਤੇ ਦੂਰ ਭੱਜਦੀ ਸਾਫ਼ ਦਿਖਾਈ ਦੇ ਰਹੇ ਹਨ । ਇਸ ਸਰਕਾਰ ਕਹਿਣੀ ਤੇ ਕਰਨੀ



ਤੁਸੀਂ ਫਰਕ ਖੁਦ ਮਹਿਸੂਸ ਕਰ ਲਿਆ ਹੋਵੇਗਾ ਅਤੇ ਪੰਜਾਬ ਨੂੰ ਹੋਰ ਪਿਛਾ ਲਿਜਾ ਕੇ ਕਸੂਤੀ ਸਥਿਤੀ ਵਿੱਚ ਲਿਆ ਖਿਲਾਰਿਹਾ ਹੈ।ਭਵਿੱਖ ਚ ਪੰਜਾਬ ਨੂੰ ਇਸ ਦਲਦਲ ਚੋਂ ਬਾਹਰ ਕੱਢ ਖੁਸ਼ਹਾਲ ਸੂਬਾ ਬਣਾਉਣ ਲਈ ਬਦਲ ਦੀ ਲੋੜ ਹੈ।ਆਉਣ ਵਾਲੇ ਸਮੇਂ 'ਚ ਜਦ ਸਾਡੀ ਸਰਕਾਰ ਆਵੇਗੀ ਤਾਂ ਐਨ. ਆਰ. ਆਈ. ਦੇ ਲਈ ਇਕ ਵਿਸ਼ੇਸ਼ ਸੰਸਥਾ ਬਣੇਗੀ ਜਿਸ 'ਚ ਐਨ. ਆਰ. ਆਈ. ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਗੇ ਸਾਡੀ ਸਰਕਾਰ ਸਾਫ ਸੁਥਰਾ ਸਰਦਾਰ ਪ੍ਰਤਾਪ ਸਿੰਘ ਕੈਰੋਂ ਵਰਗਾ ਰਾਜ ਪੰਜਾਬ ਨੂੰ ਪ੍ਰਦਾਨ ਕਰਨਗੇ । ਬਾਜਵਾ ਨੇ ਪੰਜਾਬ ਚ ਪੰਜਾਬੀਆ ਨੂੰ ਖੁਸ਼ਹਾਲੀ ਲਿਆਉਣ ਲਈ ਸਬ ਨਾਲ ਵਾਇਦਾ ਕੀਤਾ ਤੇ ਸਭਨਾਂ ਨੂੰ ਕਾਂਗ੍ਰੇਸ ਪਾਰਟੀ ਦੀ ਮਦਦ ਕਰਨ ਦੀ ਅਪੀਲ ਕੀਤੀ।ਸਮਾਗਮ ਦੇ ਮੁੱਖ ਪ੍ਰਬੰਧਕ ਅਜੇਪਾਲ ਸਿੰਘ ਕਾਹਲੋਂ (ਗਰੰਥਗੜ) ਨੇ ਕਿਹਾ ਪੰਜਾਬ ਨੂੰ ਖੁਸ਼ਹਾਲ ਵੇਖਣ ਲਈ ਵਿਦੇਸ਼ਾਂ ਤੋਂ ਪੰਜਾਬੀ ਹਮੇਸ਼ਾ ਪੰਜਾਬ ਬਾਰੇ ਚੰਗਾ ਸੋਚਣ ਵਾਲਿਆਂ ਦਾ ਸਾਥ ਦਿੰਦੇ ਆਏ ਹਨ ।ਜੇਕਰ ਕਾਂਗਰਸ ਪਾਰਟੀ ਵਧੀਆ ਨੀਤੀਆਂ ਪੰਜਾਬ ਲਈ ਲੈ ਕੇ ਆਉਂਦੀ ਹੈ ਤਾਂ ਐਨ.ਆਰ.ਆਈ ਪੰਜਾਬੀ ਹਮੇਸ਼ਾ ਨਾਲ ਖੜੇ ਮਿਲਣਗੇ।

जय भीम



जय भारत



बहन कु. मायावती जी
राष्ट्रीय अध्यक्ष
बहुजन समाज पार्टी

# बहुजन समाज पार्टी

के तत्वावधान

## सैक्टर स्तरीय समीक्षा सम्मेलन

### विधानसभा अलवर ग्रामीण जिला अलवर



मा. रामजी गौतम जी
राज्यसभा सांसद
नेशनल कॉर्डिनेटर बसपा

**दिनांक : 05 अगस्त, 2025, मंगलवार**

| प्रातः 11.00 बजे | सायं :03.00 बजे |
|---|---|
| स्थान : राव मेरिज होम<br>चरणदास मंदिर के पास कस्बा डहरा<br>जिला - अलवर | स्थान : ग्राम सावडी<br>अकबरपुर, जिला - अलवर |



मा. आकाश आनन्द
मुख्य नेशनल कोऑर्डिनेटर बसपा



मा. नर्बदा प्रसाद अहीरवार
केन्द्रीय स्टेट कॉऑर्डिनेटर राजस्थान



मा. भगवान सिंह बाबा
केन्द्रीय स्टेट कॉऑर्डिनेटर राजस्थान



मा. प्रेम बारूपाल
प्रदेश अध्यक्ष राज

मुख्य अतिथि : मा. नर्बदा प्रसाद अहिरवार (केंद्रीय स्टेट कोऑर्डिनेटर राजस्थान)
मा. भगवान सिंह बाबा (केंद्रीय स्टेट कोऑर्डिनेटर राजस्थान)
मा. एड. प्रेम बारुपाल (प्रदेश अध्यक्ष बसपा राजस्थान)
विशिष्ट अतिथि : मा. एडवोकेट रामजीवन बौद्ध (जोन प्रभारी अलवर)
मा. मैना बौद्ध (जिला प्रभारी अलवर)
मा. खेमचन्द जाटव (जिला प्रभारी अलवर)
मा. इन्द्र कुमार बौद्ध (पूर्व जिला अध्यक्ष, अलवर)
मा. जे.पी. रघुवंशी (जिला उपाध्यक्ष अलवर)
मा. सुरेश पास्टर (जिला महासचिव अलवर)
मा. मनोज गौतम (जिला सचिव अलवर)
मा. प्रेमचन्द (जिला कोषाध्यक्ष अलवर)
मा. राजेश कुमार (BVF संयोजक)
अध्यक्षता : मा. कमरचन्द अलवरिया (जिला अध्यक्ष अलवर)

## नई उम्मीदों का साथी, बी.एस.पी. का हाथी

नरेन्द्र विधान सभा अध्यक्ष ग्रामीण, रामसिंह उपाध्यक्ष, रूकमणि प्रभारी, मजलस प्रभारी, रामजीलाल सचिव, दुलीचन्द कोषाध्यक्ष, भोलीदेवी महिला संयोजक, सुनेरा सहसंयोजक, पिंकी, नरेश कुमार विजेंद्र धर्म सिंह, रवि कुमार, मुकेश, जगपाल, जोगेंद्र वर्मा, ओम प्रकाश, रमेश, विक्रम, बालकिशन, शेर सिंह, राकेश, चंदू लाल, सुभाष, हनीफ कंवर सिंह, लेखराज, शहरन, जितेंद्र, अजय, महेश, नीरज, शिवलाल, संदीप, दुलीचंद, शकील, अमरीत, जुबेर, ओम प्रकाश सैनी, कजोड़ प्रजापति, भगवान, फूल सिंह, रूड़ा राम पंच, रामसिंह, अशोक, परमल, कपिल, नरेंद्र, अमजद, सोनलाल, लालचंद पूर्व MPS, नीरज, जेकी वर्मा, सीताराम, देवेंद्र, दिनेश, जयसिंह, राजेंद्र, रवि, योगेश, अरुण, नरेश, दीपक, राहुल, गुरुदयाल, प्रकाश, जगदीश, सुशीला, फकरुद्दीन, योगेश गुर्जर, जलेसिंह, कान सिंह यादव, रवि, राजेंद्र, घनश्याम जांगड़ा, प्रताप सिंह, सलमान खान, बारिश साहब, जाकर, साबिर, रूपेश ,अर्जुन, सत्यवान ,रामफल ,अजय, सूरज, धरमू, नवीन, भगवान, मोहन लाल, मनोज, नेतराम

**निवेदक : बहुजन समाज पार्टी ईकाई विधानसभा अलवर ग्रामीण**
**मो. 9460915596, 8529745878**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com